Department of
Education

GOVERNMENT OF
WESTERN AUSTRALIA

Shaping the future

# ਵਿਚਾਰ-ਵਟਾਂਦਰੇ ਦਾ ਦਸਤਾਵੇਜ਼

## *ਸਕੂਲ ਸਿੱਖਿਆ ਕਾਨੂੰਨ 1999* ਦੀ ਸਮੀਖਿਆ

TRIMnumber

[Publish date]

# ਵਿਸ਼ਾ-ਸੂਚੀ


**ਭਾਗ 1 - ਜਾਣ-ਪਛਾਣ** 4

ਦੇਸ਼ ਦੀ ਪ੍ਰਵਾਨਗੀ 4

ਮੰਤਰੀ ਦਾ ਸੰਦੇਸ਼ 4

ਇਹ **ਦਸਤਾਵੇਜ਼** ਕੀ ਹੈ? 5

ਸਮੀਖਿਆ ਕੀ ਹੈ? 5

*ਸਕੂਲ ਸਿੱਖਿਆ* ***ਕਾਨੂੰਨ*** *1999* ਕੀ ਹੈ? 5

SE **ਕਾਨੂੰਨ** ਵਿੱਚ ਕੀ ਹੈ 5

SE **ਕਾਨੂੰਨ** ਵਿੱਚ ਕੀ ਨਹੀਂ ਹੈ 6

ਇਹ ਸਮੀਖਿਆ ਕਿਉਂ ਹੋ ਰਹੀ ਹੈ? 7

ਸਮੀਖਿਆ ਕਿਵੇਂ ਹੋ ਰਹੀ ਹੈ? 7

ਤੁਸੀਂ ਕਿਵੇਂ ਸ਼ਾਮਲ ਹੋ ਸਕਦੇ ਹੋ 8

ਅਸੀਂ ਤੁਹਾਡੇ ਕੋਲੋਂ ਕੀ ਸੁਣਨਾ ਚਾਹੁੰਦੇ ਹਾਂ 8

ਆਪਣੀ **ਸਲਾਹ** ਦੇਣ ਲਈ ਵਿਕਲਪ 9

**ਸਲਾਹ** ਦੇਣ ਲਈ ਸਮਾਂ ਸੀਮਾ 9

ਵਿਚਾਰ-ਵਟਾਂਦਰੇ ਦੇ **ਦਸਤਾਵੇਜ਼** ਨੂੰ ਕਿਵੇਂ ਪੜ੍ਹਨਾ ਹੈ 11

ਵਿਕਲਪ 11

ਨੇੜੇ ਰੱਖਣ ਲਈ ਹੋਰ ਦਸਤਾਵੇਜ਼ 11

ਹਵਾ**ਲੇ** 11

ਪੇਸ਼ਕਸ਼ ਪ੍ਰਦਾਨ ਕਰਨ ਤੋਂ ਪਹਿਲਾਂ ਵਿਚਾਰਨ ਲਈ ਮਦਦਗਾਰ ਜਾਣਕਾਰੀ 12

ਮਨੁੱਖੀ ਅਧਿਕਾਰ 12

ਰਾਸ਼ਟਰੀ ਕਾਨੂੰਨ 12

**ਭਾਗ 2 - ਸਾਰੇ ਸਵਾਲਾਂ ਦੀ ਸੂਚੀ** 14

**ਭਾਗ 3 - ਮੁੱਖ ਮੁੱਦਿਆਂ ਅਤੇ ਸਵਾਲਾਂ ਬਾਰੇ ਵਿਸਥਾਰ** 16

1. **ਸੁਰ ਨਿਰਧਾਰਤ** ਕਰਨਾ 16

**ਉਦੇਸ਼** 16

ਸਿਧਾਂਤ 17

ਪਰਿਭਾਸ਼ਾਵਾਂ 20

2. ਸ਼ੁਰੂ ਕਰਨਾ 22

ਦਾਖ਼ਲਾ 22

ਸ਼ਮੂਲੀਅਤ ਲਈ ਵਿਕਲਪ 23

3. ਸਕੂਲੀ ਜੀਵਨ 25

ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ 25

ਇੱਕੋ **ਜਮਾਤ ਦੇ ਕਮਰੇ** ਵਿੱਚ ਤਬਦੀਲੀਆਂ ਅਤੇ ਸਿੱਖਣ ਦਾ ਅਧਿਕਾਰ 28

ਸੰਚਾਰ/ਸਲਾਹ-ਮਸ਼ਵਰਾ 30

4. ਜਦੋਂ **ਵਿਦਿਆਰਥੀ ਲਈ** ਸਕੂਲ ਠੀਕ ਨਹੀਂ ਚੱਲ ਰਿਹਾ ਹੁੰਦਾ 32

ਅਨੁਸ਼ਾਸਨ, ਮੁਅੱਤਲੀਆਂ ਅਤੇ ਬਾਹਰ ਕੱਢਣਾ 32

ਪਾਬੰਦੀਸ਼ੁਦਾ ਅਭਿਆਸ 34

ਅਪੰਗਤਾ ਸਲਾਹਕਾਰ ਪੈਨਲ ਅਤੇ ਅਨੁਸ਼ਾਸਨ ਸਲਾਹਕਾਰ ਪੈਨਲ 36

ਵਿਵਾਦ ਅਤੇ ਸ਼ਿਕਾਇਤਾਂ 37

ਇਹ ਯਕੀਨੀ ਬਣਾਉਣਾ ਕਿ ਅਸੀਂ ਸੁਧਾਰ ਕਰਨਾ ਜਾਰੀ ਰੱਖਦੇ ਹਾਂ 39

**ਅੰਤਿਕਾ A** **40**

ਮੁੱਖ ਸ਼ਬਦ ਅਤੇ ਸੰਖੇਪ ਸ਼ਬਦ 40

# ਭਾਗ 1 - ਜਾਣ-ਪਛਾਣ

## ਦੇਸ਼ ਦੀ ਪ੍ਰਵਾਨਗੀ

ਵੈਸਟਰਨ ਆਸਟ੍ਰੇਲੀਆ ਦੀ ਸਰਕਾਰ ਜ਼ਮੀਨਾਂ, ਸਮੁੰਦਰ ਅਤੇ ਪਾਣੀਆਂ ਦੇ ਰਵਾਇਤੀ ਮਾਲਕਾਂ ਨੂੰ ਆਦਰ ਨਾਲ ਸਵੀਕਾਰ ਕਰਦੀ ਹੈ। ਅਸੀਂ ਹਜ਼ਾਰਾਂ ਸਾਲਾਂ ਤੋਂ ਭਾਸ਼ਾ, ਗੀਤ, ਰੀਤੀ-ਰਿਵਾਜਾਂ ਅਤੇ ਕਹਾਣੀਆਂ ਰਾਹੀਂ ਅਮੀਰ ਗਿਆਨ ਨੂੰ ਨਿਰੰਤਰ ਸਾਂਝਾ ਕਰਨ ਦਾ ਸਤਿਕਾਰ ਕਰਦੇ ਹਾਂ।

## ਮੰਤਰੀ ਦਾ ਸੰਦੇਸ਼

WA ਸਰਕਾਰ ਅਪਾਹਜ ਬੱਚਿਆਂ ਅਤੇ ਨੌਜਵਾਨਾਂ ਨੂੰ ਉਨ੍ਹਾਂ ਦੀ ਸਿੱਖਿਆ ਵਿੱਚ ਸਹਾਇਤਾ ਕਰਨ ਲਈ ਵਚਨਬੱਧ ਹੈ।



ਮੇਰਾ ਮੰਨਣਾ ਹੈ ਕਿ ਅਪੰਗਤਾ ਵਾਲੇ ਹਰ ਬੱਚੇ ਅਤੇ ਨੌਜਵਾਨ ਨੂੰ ਗੁਣਵੱਤਾ ਵਾਲੀ ਸਿੱਖਿਆ ਦਾ ਅਧਿਕਾਰ ਹੈ ਜਿੱਥੇ ਉਹ ਆਪਣੀ ਪੂਰੀ ਸਮਰੱਥਾ ਤੱਕ ਪਹੁੰਚਣ ਲਈ ਮਹੱਤਵਪੂਰਣ, ਇਸ ਵਿੱਚ ਸ਼ਾਮਲ ਅਤੇ ਸਹਾਇਤਾ ਮਿਲਦੀ ਮਹਿਸੂਸ ਕਰਦੇ ਹਨ।

ਅਪੰਗਤਾ ਵਾਲੇ ਲੋਕਾਂ ਦੇ ਖਿਲਾਫ਼ ਹਿੰਸਾ, ਦੁਰਵਿਵਹਾਰ, ਅਣਗਹਿਲੀ ਅਤੇ ਸ਼ੋਸ਼ਣ ਬਾਰੇ ਰਾਇਲ ਕਮਿਸ਼ਨ ਵਰਗੀਆਂ ਤਾਜ਼ਾ ਜਾਂਚ-ਪੜਤਾਲਾਂ ਨੇ ਇਹ ਯਕੀਨੀ ਬਣਾਉਣ ਲਈ ਤਬਦੀਲੀ ਦੀ ਜ਼ਰੂਰਤ ਨੂੰ ਉਜਾਗਰ ਕੀਤਾ ਹੈ ਕਿ ਅਪੰਗਤਾ ਵਾਲੇ ਲੋਕ ਸਮਾਜ ਦੇ ਸਾਰੇ ਪਹਿਲੂਆਂ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੁੰਦੇ ਹਨ।

ਮੇਰਾ ਮੰਨਣਾ ਹੈ ਕਿ ਸਿੱਖਿਆ ਇਸ ਤਬਦੀਲੀ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ। ਇਕ ਸਮਾਵੇਸ਼ੀ ਸਮਾਜ ਬਣਾਉਣ ਲਈ ਜਿੱਥੇ ਸਾਰੇ ਲੋਕ ਆਪਣੀ ਸਮਰੱਥਾ ਤੱਕ ਪਹੁੰਚ ਸਕਦੇ ਹਨ - ਅਤੇ ਬੱਚਿਆਂ ਅਤੇ ਨੌਜਵਾਨਾਂ ਦੇ ਵਿਕਾਸ ਦਾ ਸਮਰਥਨ ਕਰਨ ਲਈ - ਸਾਨੂੰ ਇੱਕ ਅਜਿਹੀ ਸਿੱਖਿਆ ਪ੍ਰਣਾਲੀ ਦੀ ਲੋੜ ਹੈ ਜੋ ਆਦਰ ਨੂੰ ਉਤਸ਼ਾਹਿਤ ਕਰੇ, ਵਿਭਿੰਨਤਾ ਨੂੰ ਮਹੱਤਵ ਦੇਵੇ, ਅਤੇ ਫ਼ਰਕਾਂ ਨੂੰ ਗਲੇ ਲਗਾਵੇ ਅਤੇ ਇਨ੍ਹਾਂ ਦੇ ਅਨੁਕੂਲ ਬਣਾਵੇ।

*ਸਕੂਲ ਸਿੱਖਿਆ ਕਾਨੂੰਨ 1999* ਦਾ ਖਰੜਾ 25 ਸਾਲ ਪਹਿਲਾਂ ਤਿਆਰ ਕੀਤਾ ਗਿਆ ਸੀ, ਅਤੇ ਮੈਂ ਜਾਣਦਾ ਹਾਂ ਕਿ ਅਜਿਹੇ ਮੌਕੇ ਵੀ ਆਏ ਹਨ ਜਦੋਂ ਅਪਾਹਜ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਿੱਖਿਆ ਪ੍ਰਣਾਲੀ ਨੇ ਨਿਰਾਸ਼ ਕੀਤਾ ਹੈ।

ਇਹ ਵਿਚਾਰ-ਵਟਾਂਦਰਾ ਦਸਤਾਵੇਜ਼ ਤੁਹਾਨੂੰ ਆਪਣੇ ਵਿਚਾਰ ਸਾਂਝੇ ਕਰਨ ਲਈ ਸੱਦਾ ਦਿੰਦਾ ਹੈ ਕਿ ਅਪਾਹਜ ਵਿਦਿਆਰਥੀਆਂ ਲਈ ਪਹੁੰਚ ਅਤੇ ਸ਼ਮੂਲੀਅਤ ਵਿੱਚ ਸੁਧਾਰ ਕਰਨ ਲਈ *ਸਕੂਲ ਸਿੱਖਿਆ ਕਾਨੂੰਨ 1999* ਨੂੰ ਕਿਵੇਂ ਬਦਲਿਆ ਜਾ ਸਕਦਾ ਹੈ।

# ਇਹ ਦਸਤਾਵੇਜ਼ ਕੀ ਹੈ?

ਅਪਾਹਜਤਾ ਵਾਲੇ ਹਰ ਬੱਚੇ ਅਤੇ ਨੌਜਵਾਨ ਵਿਅਕਤੀ ਨੂੰ ਗੁਣਵੱਤਾ ਵਾਲੀ ਸਿੱਖਿਆ ਦਾ ਅਧਿਕਾਰ ਹੈ ਜਿੱਥੇ ਉਹ ਮਹੱਤਵਪੂਰਣ ਮਹਿਸੂਸ ਕਰਦੇ ਹਨ, ਸ਼ਾਮਲ ਕੀਤੇ ਜਾਂਦੇ ਹਨ, ਅਤੇ ਉਨ੍ਹਾਂ ਦੀ ਪੂਰੀ ਸਮਰੱਥਾ ਤੱਕ ਪਹੁੰਚਣ ਲਈ ਸਹਾਇਤਾ ਕੀਤੀ ਜਾਂਦੀ ਹੈ।

4 ਦਸੰਬਰ 2023 ਨੂੰ, ਸਿੱਖਿਆ ਮੰਤਰੀ ਨੇ ਅਪੰਗਤਾ ਵਾਲੇ ਵਿਦਿਆਰਥੀਆਂ ਲਈ ਪਹੁੰਚ ਅਤੇ ਸ਼ਮੂਲੀਅਤ ਨੂੰ ਮਜ਼ਬੂਤ ਕਰਨ ਦੇ ਤਰੀਕਿਆਂ ਦੀ ਪਛਾਣ ਕਰਨ ਲਈ *ਸਕੂਲ ਸਿੱਖਿਆ ਕਾਨੂੰਨ 1999* (SE ਕਾਨੂੰਨ) ਦੀ ਸਮੀਖਿਆ ਕਰਨ ਦਾ ਐਲਾਨ ਕੀਤਾ।

ਇਹ ਦਸਤਾਵੇਜ਼ ਸਮੀਖਿਆ ਦਾ ਹਿੱਸਾ ਹੈ। ਇਹ ਸਮੀਖਿਆ ਦਾ ਵਿਚਾਰ-ਵਟਾਂਦਰਾ ਦਸਤਾਵੇਜ਼ ਹੈ ਅਤੇ ਇਸ ਦਾ ਉਦੇਸ਼ ਇਹ ਪਤਾ ਲਗਾਉਣਾ ਹੈ ਕਿ SE ਕਾਨੂੰਨ ਦੇ ਕਿਹੜੇ ਖੇਤਰ ਅਪੰਗਤਾ ਵਾਲੇ ਵਿਦਿਆਰਥੀਆਂ ਲਈ ਪੂਰੀ ਤਰ੍ਹਾਂ ਸ਼ਾਮਲ ਹੋਣਾ ਮੁਸ਼ਕਿਲ ਬਣਾਉਂਦੇ ਹਨ ਅਤੇ ਇਸ ਬਾਰੇ ਤੁਹਾਡੇ ਵਿਚਾਰ ਪੁੱਛਦੇ ਹਨ ਕਿ ਇਸ ਨੂੰ ਕਿਵੇਂ ਬਦਲਿਆ ਜਾ ਸਕਦਾ ਹੈ।

# ਸਮੀਖਿਆ ਕੀ ਹੈ?

ਕਾਨੂੰਨ ਦੀ ਸਮੀਖਿਆ ਕਾਨੂੰਨ ਨੂੰ ਨਹੀਂ ਬਦਲਦੀ। ਸਮੀਖਿਆ ਖੋਜ, ਤਜ਼ਰਬਿਆਂ ਅਤੇ ਵਿਚਾਰਾਂ ਦੀ ਪੜਚੋਲ ਕਰਨ ਅਤੇ ਫਿਰ ਤਬਦੀਲੀ ਲਈ ਸੁਝਾਅ ਦੇਣ ਦੀ ਪ੍ਰਕਿਰਿਆ ਹੈ।

ਸਮੀਖਿਆ ਇਕ ਅੰਤਿਮ ਰਿਪੋਰਟ ਨਾਲ ਖ਼ਤਮ ਹੁੰਦੀ ਹੈ। ਇਸ ਸਮੀਖਿਆ ਲਈ ਅਸੀਂ ਸਿੱਖਿਆ ਮੰਤਰੀ ਨੂੰ ਅੰਤਿਮ ਰਿਪੋਰਟ ਦੇਵਾਂਗੇ। ਰਿਪੋਰਟ ਵਿੱਚ ਸਿਫਾਰਸ਼ਾਂ ਹੋਣਗੀਆਂ ਕਿ SE ਕਾਨੂੰਨ ਨੂੰ ਕਿਵੇਂ ਬਦਲਿਆ ਜਾ ਸਕਦਾ ਹੈ।

ਫਿਰ ਇਹ ਮੰਤਰੀ, ਕੈਬਨਿਟ ਅਤੇ ਸੰਸਦ 'ਤੇ ਨਿਰਭਰ ਕਰਦਾ ਹੈ ਕਿ ਕੀ SE ਕਾਨੂੰਨ ਨੂੰ ਬਦਲਿਆ ਜਾਂਦਾ ਹੈ ਅਤੇ ਇਸ ਨੂੰ ਕਿਵੇਂ ਬਦਲਿਆ ਜਾਂਦਾ ਹੈ। ਕਾਨੂੰਨਾਂ ਨੂੰ ਬਦਲਣਾ ਲੰਬੀ-ਚੌੜੀ ਪ੍ਰਕਿਰਿਆ ਹੈ। ਇਸ ਵਿੱਚ ਬਹੁਤ ਸਾਰੇ ਪੜਾਅ ਅਤੇ ਮਨਜ਼ੂਰੀਆਂ ਸ਼ਾਮਲ ਹੁੰਦੀਆਂ ਹਨ ਅਤੇ ਅਕਸਰ ਕਈ ਸਾਲ ਲੱਗ ਜਾਂਦੇ ਹਨ। ਪ੍ਰਕਿਰਿਆ ਦੇ ਅੰਤ 'ਤੇ ਨੀਤੀਆਂ ਨੂੰ ਅਕਸਰ ਨਵਿਆਉਣ ਦੀ ਵੀ ਲੋੜ ਹੁੰਦੀ ਹੈ ਤਾਂ ਜੋ ਉਹ ਕਾਨੂੰਨਾਂ ਨਾਲ ਮੇਲ ਖਾਂਦੀਆਂ ਹੋਣ।

# *ਸਕੂਲ ਸਿੱਖਿਆ ਕਾਨੂੰਨ 1999* ਕੀ ਹੈ?

## SE ਕਾਨੂੰਨ ਵਿੱਚ ਕੀ ਹੈ

SE ਕਾਨੂੰਨ, ਕਾਨੂੰਨਾਂ ਦਾ ਇਕ ਸਮੂਹ ਹੈ ਕਿ WA ਵਿੱਚ ਬੱਚੇ ਅਤੇ ਨੌਜਵਾਨ ਲਾਜ਼ਮੀ ਸਿੱਖਿਆ ਦੇ ਸਾਲਾਂ ਦੌਰਾਨ ਸਿੱਖਿਆ ਤੱਕ ਕਿਵੇਂ ਪਹੁੰਚ ਕਰਦੇ ਹਨ।

ਇਹ ਨਿਰਧਾਰਤ ਕਰਦਾ ਹੈ ਕਿ ਸਕੂਲ ਕਿਵੇਂ ਸਥਾਪਤ ਕੀਤੇ ਜਾਂਦੇ ਹਨ ਅਤੇ ਦਾਖ਼ਲਾ ਲੈਣ ਅਤੇ ਹਾਜ਼ਰ ਹੋਣ ਲਈ ਕੀ ਲੋੜੀਂਦਾ ਹੈ। ਇਸ ਵਿੱਚ ਸਰਕਾਰੀ ਸਕੂਲ, ਗ਼ੈਰ-ਸਰਕਾਰੀ ਸਕੂਲ ਜਾਂ ਘਰੇਲੂ ਸਿੱਖਿਆ ਰਾਹੀਂ ਸਿੱਖਿਆ ਦੇ ਵਿਕਲਪ ਸ਼ਾਮਲ ਹਨ।

SE ਕਾਨੂੰਨ ਬੱਚਿਆਂ ਅਤੇ ਨੌਜਵਾਨਾਂ ਲਈ ਲਾਜ਼ਮੀ ਸਿੱਖਿਆ ਦੇ ਅੰਤਿਮ ਸਾਲਾਂ, ਜਿਵੇਂ ਕਿ VET ਕੋਰਸ, ਅਪ੍ਰੈਂਟਿਸਸ਼ਿਪ ਜਾਂ ਉੱਚ ਸਿੱਖਿਆ ਵਿੱਚ ਗ਼ੈਰ-ਸਕੂਲ ਕੋਰਸਾਂ ਦੀ ਪੜ੍ਹਾਈ ਕਰਨ ਦੇ ਵਿਕਲਪ ਵੀ ਨਿਰਧਾਰਤ ਕਰਦਾ ਹੈ।

SE ਕਾਨੂੰਨ ਇਨ੍ਹਾਂ ਨੂੰ ਵੀ ਆਪਣੇ ਥੱਲੇ ਲਿਆਉਂਦਾ ਹੈ ਕਿ ਸਰਕਾਰੀ ਸਕੂਲਾਂ (ਸ਼੍ਰੇਣੀਬੱਧ ਕੀਤੇ ਸਰਕਾਰੀ ਸਕੂਲ ਵੀ) ਵਿੱਚ ਬਹੁਤ ਸਾਰੀਆਂ ਵੱਖ-ਵੱਖ ਪ੍ਰਕਿਰਿਆਵਾਂ ਕਿਵੇਂ ਕੰਮ ਕਰਦੀਆਂ ਹਨ, ਜਿਵੇਂ ਕਿ ਮੁਅੱਤਲੀ, ਬਾਹਰ ਕੱਢਣਾ, ਪ੍ਰਮੁੱਖ ਫ਼ੈਸਲੇ ਅਤੇ ਸ਼ਿਕਾਇਤਾਂ ਨਾਲ ਨਜਿੱਠਣਾ।

ਗੈਰ-ਸਰਕਾਰੀ ਸਕੂਲਾਂ ਲਈ, ਜਿਨ੍ਹਾਂ ਨੂੰ ਕਈ ਵਾਰ ਪ੍ਰਾਈਵੇਟ ਸਕੂਲ ਕਿਹਾ ਜਾਂਦਾ ਹੈ, SE ਕਾਨੂੰਨ ਇਹ ਨਿਰਧਾਰਤ ਕਰਦਾ ਹੈ ਕਿ ਇਹ ਸਕੂਲ ਕਿਵੇਂ ਰਜਿਸਟਰਡ ਹਨ ਅਤੇ ਮਾਪਦੰਡ ਬਣਾਉਣ ਦੀ ਉਹ ਪ੍ਰਕਿਰਿਆ ਜਿਸ ਦੀ ਉਨ੍ਹਾਂ ਨੂੰ ਪਾਲਣਾ ਕਰਨੀ ਚਾਹੀਦੀ ਹੈ।

## SE ਕਾਨੂੰਨ ਵਿੱਚ ਕੀ ਨਹੀਂ ਹੈ

ਸਕੂਲਾਂ ਬਾਰੇ ਬਹੁਤ ਸਾਰੀਆਂ ਚੀਜ਼ਾਂ ਹਨ ਜੋ SE ਕਾਨੂੰਨ ਦਾ ਹਿੱਸਾ ਨਹੀਂ ਹਨ। ਇਹ ਚੀਜ਼ਾਂ ਇਸ ਸਮੀਖਿਆ ਨਾਲ ਸੰਬੰਧਿਤ ਨਹੀਂ ਹਨ। ਉਹ ਚੀਜ਼ਾਂ ਜੋ SE ਕਾਨੂੰਨ ਵਿੱਚ ਨਹੀਂ ਹਨ ਅਤੇ ਇਸ ਸਮੀਖਿਆ ਨਾਲ ਸਬੰਧਿਤ ਨਹੀਂ ਹਨ, ਵਿੱਚ ਸ਼ਾਮਲ ਹਨ:

- ਸਕੂਲਾਂ ਜਾਂ ਵਿਅਕਤੀਗਤ ਵਿਦਿਆਰਥੀਆਂ ਲਈ ਮਾਲੀ ਸਹਾਇਤਾ
- ਅਧਿਆਪਕਾਂ ਦੀ ਸਿਖਲਾਈ
- ਪਾਠਕ੍ਰਮ/ਸਕੂਲਾਂ ਵਿੱਚ ਕੀ ਪੜ੍ਹਾਇਆ ਜਾਂਦਾ ਹੈ
- ਧੱਕੇਸ਼ਾਹੀ
- ਜਮਾਤਾਂ ਦੇ ਆਕਾਰ।

ਭਾਵੇਂ ਇਹਨਾਂ ਵਿੱਚੋਂ ਕੁਝ ਚੀਜ਼ਾਂ ਤੁਹਾਡੇ ਲਈ ਬਹੁਤ ਮਹੱਤਵਪੂਰਨ ਹੋ ਸਕਦੀਆਂ ਹਨ, ਉਹ ਇਸ ਸਮੀਖਿਆ ਦੇ ਦਾਇਰੇ ਦਾ ਹਿੱਸਾ ਨਹੀਂ ਹਨ, ਇਸ ਲਈ ਅਸੀਂ ਉਹਨਾਂ ਬਾਰੇ ਤੁਹਾਡੇ ਵੱਲੋਂ ਸਾਨੂੰ ਦਿੱਤੀ ਗਈ ਕਿਸੇ ਵੀ ਸਲਾਹ 'ਤੇ ਕਾਰਵਾਈ ਨਹੀਂ ਕਰ ਸਕਦੇ।

## ਇਹ ਸਮੀਖਿਆ ਕਿਉਂ ਹੋ ਰਹੀ ਹੈ?

SE ਕਾਨੂੰਨ 25 ਸਾਲ ਪਹਿਲਾਂ ਲਿਖਿਆ ਗਿਆ ਸੀ ਅਤੇ ਹੁਣ ਪੁਰਾਣਾ ਹੋ ਗਿਆ ਹੈ। ਇਹ ਹੁਣ ਅਪੰਗਤਾ ਵਾਲੇ ਵਿਦਿਆਰਥੀਆਂ ਲਈ ਮੌਜੂਦਾ ਸਮਝ ਅਤੇ ਭਾਈਚਾਰੇ ਦੀਆਂ ਉਮੀਦਾਂ ਨੂੰ ਦਰਸਾਉਂਦਾ ਨਹੀਂ ਹੈ।

ਇਸ ਸਮੀਖਿਆ ਦਾ ਉਦੇਸ਼ ਇਹ ਪਤਾ ਲਗਾਉਣਾ ਹੈ ਕਿ ਅਸੀਂ ਅਪੰਗਤਾ ਵਾਲੇ ਬੱਚਿਆਂ ਅਤੇ ਨੌਜਵਾਨਾਂ ਨੂੰ ਬਿਹਤਰ ਢੰਗ ਨਾਲ ਸ਼ਾਮਲ ਕਰਨ ਲਈ SE ਕਾਨੂੰਨ ਨੂੰ ਕਿਵੇਂ ਬਦਲ ਸਕਦੇ ਹਾਂ ਤਾਂ ਜੋ ਉਹ ਗੁਣਵੱਤਾ ਵਾਲੀ ਸਿੱਖਿਆ ਤੱਕ ਪਹੁੰਚ ਕਰ ਸਕਣ ਜਿੱਥੇ ਉਹ ਮਹੱਤਵਪੂਰਣ ਮਹਿਸੂਸ ਕਰਦੇ ਹਨ, ਸ਼ਾਮਲ ਕੀਤੇ ਜਾਂਦੇ ਹਨ, ਅਤੇ ਉਨ੍ਹਾਂ ਦੀ ਪੂਰੀ ਸਮਰੱਥਾ ਤੱਕ ਪਹੁੰਚਣ ਲਈ ਸਹਾਇਤਾ ਕੀਤੀ ਜਾਂਦੀ ਹੈ।

## ਸਮੀਖਿਆ ਕਿਵੇਂ ਹੋ ਰਹੀ ਹੈ?

ਸਮੀਖਿਆ ਜਨਵਰੀ 2024 ਵਿੱਚ ਸ਼ੁਰੂ ਹੋਈ ਸੀ ਅਤੇ ਇਸ ਦਾ ਸਿੱਖਿਆ ਵਿਭਾਗ ਦੁਆਰਾ ਤਾਲਮੇਲ ਕੀਤਾ ਜਾ ਰਿਹਾ ਹੈ, ਅਤੇ 2 ਪ੍ਰਮੁੱਖ ਸਮੂਹਾਂ ਦੁਆਰਾ ਅਗਵਾਈ ਕੀਤੀ ਜਾ ਰਹੀ ਹੈ: ਇਕ ਮਾਹਰ ਪੈਨਲ ਅਤੇ ਇਕ ਸਲਾਹਕਾਰ ਕੌਂਸਿਲ।

ਮਾਹਰ ਪੈਨਲ ਵਿੱਚ 7 ਮੈਂਬਰ ਹਨ ਜੋ ਉਨ੍ਹਾਂ ਦੇ ਹੁਨਰ, ਗਿਆਨ ਅਤੇ ਨਿੱਜੀ ਤਜ਼ਰਬਿਆਂ ਲਈ ਚੁਣੇ ਗਏ ਹਨ। ਉਹ ਪਹੁੰਚਯੋਗ ਅਤੇ ਸਮਾਵੇਸ਼ੀ ਸਿੱਖਿਆ, ਮਨੁੱਖੀ ਅਧਿਕਾਰਾਂ ਅਤੇ ਸਿੱਖਿਆ ਨੂੰ ਪਹੁੰਚਯੋਗ ਅਤੇ ਸਮਾਵੇਸ਼ੀ ਬਣਾਉਣ ਲਈ ਸਭ ਤੋਂ ਵਧੀਆ ਅਭਿਆਸ ਲਈ ਕਾਨੂੰਨਾਂ ਨੂੰ ਸਮਝਦੇ ਹਨ।

ਸਲਾਹਕਾਰ ਪ੍ਰੀਸ਼ਦ ਵਿੱਚ 8 ਮੈਂਬਰ ਹਨ ਜਿਨ੍ਹਾਂ ਕੋਲ ਬੌਧਿਕ ਅਪੰਗਤਾ ਵਾਲਾ ਨਿੱਜੀ ਤਜਰਬਾ ਹੈ ਅਤੇ ਵਕਾਲਤ ਦੇ ਮਾਹਰ ਹਨ।

ਮਾਹਰ ਪੈਨਲ ਅਤੇ ਸਲਾਹਕਾਰ ਕੌਂਸਿਲ 3 ਪ੍ਰਮੁੱਖ ਪੜਾਵਾਂ ਵਿੱਚ ਸਮੀਖਿਆ ਦੀ ਅਗਵਾਈ ਕਰ ਰਹੇ ਹਨ:

1. **ਖੋਜ** - ਖੋਜ ਦਾ ਪੜਾਅ ਪੂਰਾ ਹੋ ਗਿਆ ਹੈ। ਇਸ ਵਿੱਚ ਇਹ ਖੋਜ ਸ਼ਾਮਲ ਸੀ:
   - ਬੱਚਿਆਂ, ਪਰਿਵਾਰਾਂ ਅਤੇ ਅਧਿਆਪਕਾਂ ਨੇ ਪਹਿਲਾਂ ਹੀ ਆਸਟ੍ਰੇਲੀਆ ਭਰ ਵਿੱਚ ਵੱਖ-ਵੱਖ ਰਿਪੋਰਟਾਂ ਅਤੇ ਅਧਿਐਨਾਂ ਵਿੱਚ ਕੀ ਸਾਂਝਾ ਕੀਤਾ ਹੈ
   - ਵਿਦੇਸ਼ਾਂ ਅਤੇ ਆਸਟ੍ਰੇਲੀਆ ਦੇ ਹੋਰ ਖੇਤਰਾਂ ਤੋਂ ਕੀ ਸਿੱਖਿਆ ਜਾ ਸਕਦਾ ਹੈ
2. **ਸਲਾਹ-ਮਸ਼ਵਰਾ** - ਸਲਾਹ-ਮਸ਼ਵਰੇ ਦਾ ਪੜਾਅ ਹੁਣ ਚੱਲ ਰਿਹਾ ਹੈ। ਇਸ ਵਿੱਚ ਸ਼ਾਮਲ ਹਨ:
   - ਖੋਜ ਦੇ ਮੁੱਖ ਵਿਚਾਰਾਂ ਨੂੰ ਇਸ ਵਿਚਾਰ-ਵਟਾਂਦਰੇ ਦੇ ਦਸਤਾਵੇਜ਼ ਵਿੱਚ ਪਾਉਣਾ
   - ਵਿਚਾਰ-ਵਟਾਂਦਰੇ ਦੇ ਦਸਤਾਵੇਜ਼ 'ਤੇ ਭਾਈਚਾਰਕ ਸਲਾਹ ਪ੍ਰਾਪਤ ਕਰਨਾ
3. **ਨਤੀਜੇ ਅਤੇ ਸਿਫਾਰਸ਼ਾਂ** - ਇਸ ਪੜਾਅ ਵਿੱਚ ਸ਼ਾਮਲ ਹੋਣਗੇ:
   - ਸਲਾਹ-ਮਸ਼ਵਰੇ ਦੌਰਾਨ ਅਸੀਂ ਜੋ ਕੁਝ ਵੀ ਸਿੱਖਦੇ ਹਾਂ ਉਸ ਦਾ ਵਿਸ਼ਲੇਸ਼ਣ ਕਰਨਾ
   - ਨਤੀਜਿਆਂ ਨੂੰ ਮੰਤਰੀ ਨੂੰ ਅੰਤਿਮ ਰਿਪੋਰਟ ਵਿੱਚ ਸੰਖੇਪ ਰੂਪ ਵਿੱਚ ਪੇਸ਼ ਕਰਨਾ

ਇਹ ਅੰਤਿਮ ਰਿਪੋਰਟ ਉਨ੍ਹਾਂ ਤਰੀਕਿਆਂ ਦੀ ਸਿਫਾਰਸ਼ ਕਰੇਗੀ ਜਿਨ੍ਹਾਂ ਨਾਲ ਮੰਤਰੀ SE ਕਾਨੂੰਨ ਵਿੱਚ ਸੁਧਾਰ ਕਰ ਸਕਦੇ ਹਨ। ਇਹ ਰਿਪੋਰਟ 2024 ਦੇ ਅੰਤ ਤੱਕ ਤਿਆਰ ਹੋ ਜਾਵੇਗੀ ਅਤੇ ਸਿਰਫ ਮੰਤਰੀ ਲਈ ਹੋਵੇਗੀ, ਇਸ ਲਈ ਜਨਤਾ ਨਾਲ ਸਾਂਝੀ ਨਹੀਂ ਕੀਤੀ ਜਾਵੇਗੀ।

**ਮਾਹਰ ਪੈਨਲ ਦੇ ਮੈਂਬਰ ਹਨ:**

ਪ੍ਰੋਫੈਸਰ ਐਂਡਰਿਊ ਵ੍ਹਾਈਟਹਾਊਸ (ਪ੍ਰਧਾਨ)

ਡਾ: ਸੈਰਾਅ ਬਰਨਾਰਡ

ਕੇਨ ਬਲੈਕਮੈਨ

ਚਾਰਮੇਨ ਫੋਰਡ

ਕੈਟੀਆ ਮਲਾਕੁਸ

ਮਾਰੀਆ ਮਨਸੂਰ

ਐਨਾ ਸਟੀਲ

**ਸਲਾਹਕਾਰ ਪਰਿਸ਼ਦ ਦੇ ਮੈਂਬਰ ਇਹ ਹਨ:**

ਮਿਸ਼ੇਲ ਸਿਲਵਰ (ਪ੍ਰਧਾਨ)

ਪੀਟਰ ਬਲੂਟ

ਕਿਆਲ ਫ਼ੇਅਰਬਰੇਨ

ਲਿਆਮ ਫ਼ਲਿਨ

ਕ੍ਰਿਸਟੀ ਮਾਰਸਿਗਲੀਆ

ਜੇਮਜ਼ ਮੈਕਨਲਟੀ

ਸ਼ਾਰਿਕ ਸ਼ਰਮਾ

ਜਸਟਿਨ ਸਟੋਰਨ

# ਤੁਸੀਂ ਕਿਵੇਂ ਸ਼ਾਮਲ ਹੋ ਸਕਦੇ ਹੋ

## ਅਸੀਂ ਤੁਹਾਡੇ ਕੋਲੋਂ ਕੀ ਸੁਣਨਾ ਚਾਹੁੰਦੇ ਹਾਂ

ਅਸੀਂ ਹਰ ਉਸ ਵਿਅਕਤੀ ਤੋਂ ਸੁਣਨਾ ਚਾਹੁੰਦੇ ਹਾਂ ਜੋ ਆਪਣੀ ਗੱਲ ਕਹਿਣਾ ਚਾਹੁੰਦਾ ਹੈ। ਅਸੀਂ ਜਾਣਨਾ ਚਾਹੁੰਦੇ ਹਾਂ:

- ਇਸ ਬਾਰੇ ਤੁਹਾਡੇ ਵਿਚਾਰ ਕਿ SE ਕਾਨੂੰਨ ਨੂੰ ਕਿਵੇਂ ਸੁਧਾਰਿਆ ਜਾ ਸਕਦਾ ਹੈ
- ਤੁਸੀਂ ਕਿਵੇਂ ਸੋਚਦੇ ਹੋ ਕਿ ਤੁਹਾਡੇ ਵਿਚਾਰ ਅਪੰਗਤਾ ਵਾਲੇ ਵਿਦਿਆਰਥੀਆਂ ਨੂੰ ਸ਼ਾਮਲ ਕਰਨ ਵਿੱਚ ਮਦਦ ਕਰਨਗੇ

ਅਸੀਂ 13 ਸਵਾਲਾਂ ਉਪਰ ਤੁਹਾਡੀ ਪ੍ਰਤੀਕਿਰਿਆ ਚਾਹੁੰਦੇ ਹਾਂ। ਤੁਸੀਂ ਇਹਨਾਂ ਨੂੰ ਭਾਗ 2, ਸਫ਼ਾ 14 'ਤੇ ਲੱਭ ਸਕਦੇ ਹੋ। ਤੁਸੀਂ ਜਿੰਨੇ ਚਾਹੋ ਓਨੇ ਜਾਂ ਘੱਟ ਸਵਾਲਾਂ ਦੇ ਜਵਾਬ ਦੇ ਸਕਦੇ ਹੋ। ਤੁਸੀਂ SE ਕਾਨੂੰਨ ਬਾਰੇ ਕੋਈ ਮੁੱਦਾ ਉਠਾਉਣਾ ਪਸੰਦ ਕਰ ਸਕਦੇ ਹੋ ਜੋ ਇਸ ਵਿਚਾਰ-ਵਟਾਂਦਰੇ ਦੇ ਦਸਤਾਵੇਜ਼ ਵਿੱਚ ਕਵਰ ਨਹੀਂ ਕੀਤਾ ਗਿਆ ਹੈ - ਇਹ ਵੀ ਠੀਕ ਹੈ।

ਜੇ ਤੁਸੀਂ ਸਹਿਜ ਮਹਿਸੂਸ ਕਰਦੇ ਹੋ, ਤਾਂ ਕਿਰਪਾ ਕਰਕੇ ਸਾਨੂੰ ਆਪਣੇ ਬਾਰੇ ਕੁਝ ਜਾਣਕਾਰੀ ਦਿਓ। ਇਹ ਸਾਨੂੰ ਸਾਂਝੀਆਂ ਚਿੰਤਾਵਾਂ ਨੂੰ ਸਮਝਣ ਅਤੇ ਇਹ ਜਾਣਨ ਵਿੱਚ ਮਦਦ ਕਰੇਗੀ ਕਿ ਅਸੀਂ ਵੱਖ-ਵੱਖ ਲੋਕਾਂ ਤੋਂ ਕੀ ਸੁਣਿਆ ਹੈ ਜਾਂ ਭਾਈਚਾਰੇ ਵਿੱਚਲੇ ਮਹੱਤਵਪੂਰਨ ਵਿਚਾਰਾਂ ਤੋਂ ਖੁੰਝ ਗਏ ਹਾਂ।

ਉਦਾਹਰਨ ਲਈ, ਤੁਸੀਂ ਸਾਨੂੰ ਦੱਸਣਾ ਪਸੰਦ ਕਰ ਸਕਦੇ ਹੋ ਜੇ ਤੁਸੀਂ ਹੋ:

- ਅਪੰਗਤਾ ਵਾਲਾ ਵਿਅਕਤੀ
- ਅਪੰਗਤਾ ਵਾਲੇ ਕਿਸੇ ਵਿਅਕਤੀ ਦਾ ਬੱਚਾ, ਮਾਪਾ ਜਾਂ ਭੈਣ-ਭਰਾ
- ਸਿੱਖਿਆ ਸਹਾਇਕ, ਅਧਿਆਪਕ ਜਾਂ ਪ੍ਰਿੰਸੀਪਲ
- ਭਾਂਵੇਂ ਤੁਹਾਡੀ ਸਲਾਹ ਕਿਸੇ ਸਰਕਾਰੀ ਸਕੂਲ (ਜਿਸ ਨੂੰ ਅਕਸਰ 'ਪਬਲਿਕ ਸਕੂਲ' ਕਿਹਾ ਜਾਂਦਾ ਹੈ), ਗ਼ੈਰ-ਸਰਕਾਰੀ ਸਕੂਲ (ਜਿਸ ਨੂੰ ਅਕਸਰ 'ਪ੍ਰਾਈਵੇਟ ਸਕੂਲ' ਕਿਹਾ ਜਾਂਦਾ ਹੈ) ਜਾਂ ਘਰੇਲੂ ਸਿੱਖਿਆ ਨਾਲ ਸਬੰਧਿਤ ਹੋਵੇ।

## ਆਪਣੀ ਸਲਾਹ ਦੇਣ ਲਈ ਵਿਕਲਪ

ਤੁਸੀਂ ਆਪਣੀ ਸਲਾਹ ਕਿਵੇਂ ਦਿੰਦੇ ਹੋ ਇਸ ਲਈ ਕੁਝ ਵਿਕਲਪ ਮੌਜੂਦ ਹਨ। ਤੁਸੀਂ ਕਰ ਸਕਦੇ ਹੋ:

- ਇੱਥੇ https://www.education.wa.edu.au/web/education-act-sector-review ਔਨਲਾਈਨ ਰੱਖੇ ਗਏ ਫ਼ਾਰਮ ਰਾਹੀਂ ਕੁਝ ਦੇ ਜਾਂ ਸਾਰੇ ਸਵਾਲਾਂ ਦੇ ਜਵਾਬ ਦਿਓ
- SEA.Review.Secretariat@education.wa.edu.au ਨੂੰ ਈਮੇਲ ਭੇਜੋ
- ਡਾਕ ਰਾਹੀਂ ਲਿਖਤੀ ਪੇਸ਼ਕਸ਼ ਇੱਥੇ ਭੇਜੋ Department of Education<br>School Education Act Review<br>Strategy and Policy<br>151 Royal Street<br>East Perth WA 6004

ਅਸੀਂ ਤੁਹਾਡੇ ਵਿਚਾਰ ਸੁਣਨਾ ਚਾਹੁੰਦੇ ਹਾਂ, ਇਸ ਲਈ ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਸੀਂ ਕਿਸੇ ਵੱਖਰੇ ਤਰੀਕੇ ਨਾਲ ਪੇਸ਼ਕਸ਼ ਦੇਣੀ ਚਾਹੁੰਦੇ ਹੋ, ਤਾਂ ਕਿਰਪਾ SEA.Review.Secretariat@education.wa.edu.au ਨੂੰ ਈਮੇਲ ਭੇਜੋ।

## ਸਲਾਹ ਦੇਣ ਲਈ ਸਮਾਂ ਸੀਮਾ

ਤੁਸੀਂ ਸਾਨੂੰ ਆਪਣੀਆਂ ਪੇਸ਼ਕਸ਼ਾਂ 16 ਅਗਸਤ 2024 ਤੋਂ 4 ਅਕਤੂਬਰ 2024 ਤੱਕ ਦੇ ਸਕਦੇ ਹੋ। ਜੇਕਰ ਤੁਹਾਨੂੰ ਵਧੇਰੇ ਸਮਾਂ ਚਾਹੀਦਾ ਹੈ ਤਾਂ ਕਿਰਪਾ SEA.Review.Secretariat@education.wa.edu.au ਨੂੰ ਈਮੇਲ ਭੇਜੋ।

## ਤੁਹਾਡੀ ਸਲਾਹ ਦੀ ਵਰਤੋਂ ਕਿਵੇਂ ਕੀਤੀ ਜਾਵੇਗੀ

ਸਲਾਹ-ਮਸ਼ਵਰੇ ਦਾ ਪੜਾਅ ਸਲਾਹ ਇਕੱਠਾ ਕਰਨ ਬਾਰੇ ਹੈ।

ਸਿੱਖਿਆ ਵਿਭਾਗ ਸਾਰੀਆਂ ਸਲਾਹਾਂ ਦੀ ਸਮੀਖਿਆ ਕਰੇਗਾ ਅਤੇ ਨਤੀਜਿਆਂ ਨੂੰ ਮਾਹਰ ਪੈਨਲ ਅਤੇ ਸਲਾਹਕਾਰ ਕੌਂਸਿਲ ਨਾਲ ਸਾਂਝਾ ਕਰੇਗਾ। ਮਾਹਰ ਪੈਨਲ ਅਤੇ ਸਲਾਹਕਾਰ ਕੌਂਸਿਲ SE ਕਾਨੂੰਨ ਵਿੱਚ ਤਬਦੀਲੀਆਂ ਲਈ ਅੰਤਿਮ ਸਿਫਾਰਸ਼ਾਂ ਦਾ ਫੈਸਲਾ ਕਰਨ ਲਈ ਇਨ੍ਹਾਂ ਨਤੀਜਿਆਂ ਦੀ ਵਰਤੋਂ ਕਰਨਗੇ।

ਤੁਹਾਡੇ ਲਈ ਇਹ ਜਾਣਨਾ ਮਹੱਤਵਪੂਰਨ ਹੈ:

- ਅਸੀਂ ਤੁਹਾਡੀ ਪੇਸ਼ਕਸ਼ ਦਾ ਜਵਾਬ ਦੇਣ ਦੇ ਯੋਗ ਨਹੀਂ ਹੋਵਾਂਗੇ
- ਤੁਹਾਡੇ ਵੱਲੋਂ ਪ੍ਰਦਾਨ ਕੀਤੀ ਗਈ ਕੋਈ ਵੀ ਜਾਣਕਾਰੀ, ਜਾਣਕਾਰੀ ਦੀ ਆਜ਼ਾਦੀ ਦੀਆਂ ਬੇਨਤੀਆਂ ਦੇ ਅਧੀਨ ਹੋ ਸਕਦੀ ਹੈ, ਜਿਸ ਦੀ ਸਾਨੂੰ ਕਾਨੂੰਨ ਦੁਆਰਾ ਪਾਲਣਾ ਕਰਨੀ ਚਾਹੀਦੀ ਹੈ
- ਤੁਹਾਡੀ ਸਲਾਹ ਸਿੱਖਿਆ ਮੰਤਰੀ ਨੂੰ ਅੰਤਿਮ ਰਿਪੋਰਟ ਵਿੱਚ ਸੂਚਿਤ ਕਰੇਗੀ। ਇਹ ਰਿਪੋਰਟ ਸਿਰਫ਼ ਮੰਤਰੀ ਲਈ ਹੈ, ਇਸ ਲਈ ਜਨਤਕ ਤੌਰ 'ਤੇ ਜਾਰੀ ਨਹੀਂ ਕੀਤੀ ਜਾਵੇਗੀ।

# ਵਿਚਾਰ-ਵਟਾਂਦਰੇ ਦੇ ਦਸਤਾਵੇਜ਼ ਨੂੰ ਕਿਵੇਂ ਪੜ੍ਹਨਾ ਹੈ

## ਵਿਕਲਪ

ਇਸ ਵਿਚਾਰ-ਵਟਾਂਦਰੇ ਦੇ ਦਸਤਾਵੇਜ਼ ਨੂੰ ਪੜ੍ਹਨ ਲਈ ਕੁਝ ਵੱਖਰੇ-ਵੱਖਰੇ ਵਿਕਲਪ ਹਨ।

ਵਿਚਾਰ-ਵਟਾਂਦਰੇ ਦੇ ਦਸਤਾਵੇਜ਼ ਦੇ 3 ਭਾਗ ਹਨ:

- ਭਾਗ 1: ਇਹ SE ਕਾਨੂੰਨ ਅਤੇ ਇਸ ਵਿਚਾਰ-ਵਟਾਂਦਰੇ ਦੇ ਦਸਤਾਵੇਜ਼ ਦੀ ਸਮੀਖਿਆ ਲਈ ਕੁਝ ਪਿਛੋਕੜ ਦੱਸਣ ਵਿੱਚ ਸਹਾਇਤਾ ਕਰਦਾ ਹੈ
- ਭਾਗ 2: ਇਹ ਉਹਨਾਂ 13 ਸਵਾਲਾਂ ਦੀ ਸੂਚੀ ਦਿੰਦਾ ਹੈ ਜੋ ਸਾਡੇ ਕੋਲ ਤੁਹਾਡੇ ਵਾਸਤੇ ਹਨ
- ਭਾਗ 3: ਇਹ 13 ਸਵਾਲਾਂ ਨਾਲ ਸਬੰਧਿਤ ਹਰੇਕ ਵਿਸ਼ੇ 'ਤੇ ਬਹੁਤ ਜ਼ਿਆਦਾ ਵਿਸਥਾਰ ਦਿੰਦਾ ਹੈ।

ਅਸੀਂ ਸਿਫਾਰਸ਼ ਕਰਦੇ ਹਾਂ ਕਿ ਹਰ ਕੋਈ ਭਾਗ 1 ਨੂੰ ਪੜ੍ਹੇ।

ਜੇ ਤੁਸੀਂ ਕੇਵਲ ਉਹਨਾਂ ਸਵਾਲਾਂ ਨੂੰ ਵੇਖਣਾ ਚਾਹੁੰਦੇ ਹੋ ਜੋ ਸਾਡੇ ਕੋਲ ਤੁਹਾਡੇ ਵਾਸਤੇ ਹਨ, ਤਾਂ ਭਾਗ 2 ਨੂੰ ਪੜ੍ਹੋ। ਜੇ ਤੁਸੀਂ ਸਵਾਲਾਂ ਨਾਲ ਸਬੰਧਿਤ ਕਿਸੇ ਵੀ ਵਿਸ਼ੇ 'ਤੇ ਵਧੇਰੇ ਵਿਸਥਾਰ ਚਾਹੁੰਦੇ ਹੋ, ਤਾਂ ਭਾਗ 3 ਨੂੰ ਪੜ੍ਹੋ। ਤੁਸੀਂ ਉਹਨਾਂ ਖੇਤਰਾਂ ਨੂੰ ਲੱਭਣ ਲਈ ਭਾਗ 3 ਵਿੱਚ ਸਿਰਲੇਖਾਂ ਦੀ ਜਾਂਚ ਕਰ ਸਕਦੇ ਹੋ ਜਿੰਨ੍ਹਾਂ ਬਾਰੇ ਤੁਸੀਂ ਵਧੇਰੇ ਜਾਣਕਾਰੀ ਚਾਹੁੰਦੇ ਹੋ।

ਜੇ ਤੁਸੀਂ ਇਸ ਪੂਰੇ ਦਸਤਾਵੇਜ਼ ਨੂੰ ਪੜ੍ਹਨਾ ਪਸੰਦ ਨਹੀਂ ਕਰਦੇ ਹੋ, ਤਾਂ ਹੋ ਸਕਦਾ ਹੈ ਤੁਸੀਂ ਸੌਖੇ ਪੜ੍ਹਨ ਵਾਲੇ (ਈਜ਼ੀ ਰੀਡ) ਸੰਸਕਰਣ ਨੂੰ ਵੇਖਣਾ ਚਾਹੋਗੇ ਜਾਂ ਸਮੀਖਿਆ ਬਾਰੇ ਕੁਝ ਵੀਡੀਓ ਵੇਖਣਾ ਚਾਹੋਗੇ, ਜੋ ਤੁਸੀਂ ਵੈਬਸਾਈਟ https://www.education.wa.edu.au/web/education-act-sector-review 'ਤੇ ਲੱਭ ਸਕਦੇ ਹੋ।

## ਨੇੜੇ ਰੱਖਣ ਲਈ ਹੋਰ ਦਸਤਾਵੇਜ਼

ਅੰਤਿਕਾ A ਇਸ ਦਸਤਾਵੇਜ਼ ਵਿੱਚ ਵਰਤੇ ਗਏ ਮੁੱਖ ਸ਼ਬਦਾਂ ਅਤੇ ਸੰਖੇਪ ਸ਼ਬਦਾਂ ਨੂੰ ਸੂਚੀਬੱਧ ਕਰਦੀ ਹੈ। ਜਦੋਂ ਤੁਸੀਂ ਦਸਤਾਵੇਜ਼ ਨੂੰ ਪੜ੍ਹਦੇ ਹੋ ਤਾਂ ਤੁਸੀਂ ਇਸ ਦਾ ਹਵਾਲਾ ਲੈਣਾ ਪਸੰਦ ਕਰ ਸਕਦੇ ਹੋ।

ਤੁਸੀਂ ਇਸ ਦਸਤਾਵੇਜ਼ ਨੂੰ ਪੜ੍ਹਦੇ ਸਮੇਂ SE ਕਾਨੂੰਨ ਦੀ ਇਕ ਨਕਲ ਖੋਲ੍ਹਣ ਦੀ ਇੱਛਾ ਵੀ ਕਰ ਸਕਦੇ ਹੋ। ਤੁਸੀਂ ਇੱਥੇ ਕਲਿੱਕ ਕਰਕੇ SE ਕਾਨੂੰਨ ਦੇ ਵਰਡ (Word) ਵਰਜ਼ਨ ਜਾਂ PDF ਵਰਜ਼ਨ ਤੱਕ ਪਹੁੰਚ ਕਰ ਸਕਦੇ ਹੋ।

## ਹਵਾਲੇ

ਸਫ਼ੇ ਦੇ ਥੱਲੇ ਲਿਖੀਆਂ (ਫੁੱਟਨੋਟ) ਅਤੇ ਅਖ਼ੀਰ ਵਿੱਚ ਲਿਖੀਆਂ (ਐਂਡਨੋਟ) ਟਿੱਪਣੀਆਂ ਬਹੁਤ ਸਾਰੇ ਲੋਕਾਂ ਲਈ ਪਹੁੰਚਯੋਗ ਨਹੀਂ ਹਨ, ਇਸ ਲਈ ਵਿਚਾਰ-ਵਟਾਂਦਰੇ ਦਾ ਦਸਤਾਵੇਜ਼ ਹਵਾਲਿਆਂ ਨੂੰ "ਸੋਚਣ ਵਾਲੀਆਂ ਚੀਜ਼ਾਂ" ਦੇ ਡੱਬਿਆਂ ਵਿੱਚ ਸੂਚੀਬੱਧ ਕਰਦਾ ਹੈ।

# ਪੇਸ਼ਕਸ਼ ਪ੍ਰਦਾਨ ਕਰਨ ਤੋਂ ਪਹਿਲਾਂ ਵਿਚਾਰਨ ਲਈ ਮਦਦਗਾਰ ਜਾਣਕਾਰੀ

## ਮਨੁੱਖੀ ਅਧਿਕਾਰ

ਆਸਟ੍ਰੇਲੀਆ ਨੇ 2 ਪ੍ਰਮੁੱਖ ਕਾਨੂੰਨੀ ਤੌਰ 'ਤੇ ਪਾਲਣਾ ਕਰਨ ਵਾਲੀਆਂ ਮਨੁੱਖੀ ਅਧਿਕਾਰ ਸੰਧੀਆਂ ਦੀ ਪੁਸ਼ਟੀ ਕੀਤੀ ਹੈ ਜੋ ਅਪੰਗਤਾ ਵਾਲੇ ਵਿਦਿਆਰਥੀਆਂ ਦੀ ਸਿੱਖਿਆ ਨਾਲ ਸਬੰਧਿਤ ਹਨ। ਇਹ ਬੱਚਿਆਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਕਨਵੈਨਸ਼ਨ (CRC) ਅਤੇ ਅਪੰਗਤਾ ਵਾਲੇ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਕਨਵੈਨਸ਼ਨ (CRPD) ਹਨ।

ਅਪਾਹਜ ਲੋਕਾਂ ਦੀ ਹਿੰਸਾ, ਦੁਰਵਿਵਹਾਰ, ਅਣਗਹਿਲੀ ਅਤੇ ਸ਼ੋਸ਼ਣ ਬਾਰੇ ਹਾਲ ਹੀ ਵਿੱਚ ਰਾਇਲ ਕਮਿਸ਼ਨ (ਹੁਣ ਤੋਂ ਅਪੰਗਤਾ ਰਾਇਲ ਕਮਿਸ਼ਨ ਵਜੋਂ ਜਾਣਿਆ ਜਾਂਦਾ ਹੈ) ਨੇ ਮੁੱਦਾ ਉਠਾਇਆ ਹੈ ਕਿ ਵੈਸਟਰਨ ਆਸਟ੍ਰੇਲੀਆ ਨੂੰ ਆਪਣੇ ਸਿੱਖਿਆ ਕਾਨੂੰਨਾਂ ਅਤੇ ਨੀਤੀਆਂ ਦੀ ਸਮੀਖਿਆ ਕਰਨੀ ਚਾਹੀਦੀ ਹੈ ਤਾਂ ਜੋ ਇਹ ਵੇਖਿਆ ਜਾ ਸਕੇ ਕਿ ਉਹ ਮਨੁੱਖੀ ਅਧਿਕਾਰਾਂ ਨੂੰ ਕਿੰਨੀ ਚੰਗੀ ਤਰ੍ਹਾਂ ਧਿਆਨ ਵਿੱਚ ਰੱਖਦੇ ਹਨ ਅਤੇ ਲਾਗੂ ਕਰਦੇ ਹਨ।

## ਰਾਸ਼ਟਰੀ ਕਾਨੂੰਨ

SE ਕਾਨੂੰਨ, ਕਾਨੂੰਨਾਂ ਦਾ ਇਕਲੌਤਾ ਸਮੂਹ ਨਹੀਂ ਹੈ ਜੋ ਇਸ ਗੱਲ ਨੂੰ ਪ੍ਰਭਾਵਿਤ ਕਰਦਾ ਹੈ ਕਿ WA ਵਿਚ ਸਕੂਲ ਕਿਵੇਂ ਕੰਮ ਕਰਦੇ ਹਨ।

ਆਸਟ੍ਰੇਲੀਆ ਦੇ ਸਾਰੇ ਸਕੂਲਾਂ ਨੂੰ ਆਸਟ੍ਰੇਲੀਆ ਦੀ ਸਰਕਾਰ ਦੁਆਰਾ ਬਣਾਏ ਗਏ ਰਾਸ਼ਟਰੀ ਕਾਨੂੰਨਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਇਕ ਮਹੱਤਵਪੂਰਨ ਕਾਨੂੰਨ *ਅਪੰਗਤਾ ਭੇਦਭਾਵ ਕਾਨੂੰਨ 1992* (ਕੌਮਨਵੈਲਥ) (DDA) ਹੈ। ਇਹ ਕਾਨੂੰਨ ਆਸਟ੍ਰੇਲੀਆ ਦੇ ਅਟਾਰਨੀ ਜਨਰਲ ਨੂੰ ਨਿਯਮ ਬਣਾਉਣ ਦੀ ਆਗਿਆ ਦਿੰਦਾ ਹੈ, ਜਿਸ ਨੂੰ ਡਿਸਏਬਿਲਿਟੀ ਸਟੈਂਡਰਡਜ਼ ਫਾਰ ਐਜੁਕੇਸ਼ਨ 2005 (DSE) ਕਿਹਾ ਜਾਂਦਾ ਹੈ, ਜੋ ਇੱਕ ਮਿਆਰ ਨਿਰਧਾਰਤ ਕਰਦਾ ਹੈ ਜਿਸ ਨੂੰ ਆਸਟ੍ਰੇਲੀਆ ਦੇ ਹਰ ਸਕੂਲ ਨੂੰ ਪੂਰਾ ਕਰਨਾ ਚਾਹੀਦਾ ਹੈ।

ਹਰੇਕ ਰਾਜ ਅਤੇ ਕੇਂਦਰੀ ਪ੍ਰਦੇਸ਼ ਇਹ ਫ਼ੈਸਲਾ ਕਰ ਸਕਦੇ ਹਨ ਕਿ ਆਪਣੇ ਕਾਨੂੰਨਾਂ ਵਿੱਚ ਇਨ੍ਹਾਂ ਮਾਪਦੰਡਾਂ ਨੂੰ ਕਿਵੇਂ ਲਾਗੂ ਕਰਨਾ ਹੈ। ਇੱਥੇ 3 ਵਿਕਲਪ ਹਨ:

1. ਉਹ ਉਹਨਾਂ ਹਿੱਸਿਆਂ ਨੂੰ ਛੱਡ ਸਕਦੇ ਹਨ ਜੋ ਪਹਿਲਾਂ ਹੀ DSE ਦੇ ਅਧੀਨ ਆਉਂਦੇ ਹਨ
2. ਉਹ ਬਿਲਕੁਲ ਉਸੇ ਚੀਜ਼ ਦੀ ਨਕਲ ਕਰ ਸਕਦੇ ਹਨ ਜੋ DSE ਵਿੱਚ ਹੈ ਜਾਂ DSE/DDA ਦਾ ਹਵਾਲਾ ਲੈ ਸਕਦੇ ਹਨ
3. ਉਹ ਆਪਣੇ ਖੁਦ ਦੇ ਕਾਨੂੰਨ ਬਣਾ ਸਕਦੇ ਹਨ ਜੋ DSE ਵਿੱਚ ਜੋ ਕੁਝ ਹੈ ਉਸ ਤੋਂ ਅੱਗੇ ਜਾਂਦੇ ਹਨ – ਇਸ ਦਾ ਮਤਲਬ ਹੈ ਉੱਚ ਮਿਆਰਾਂ ਨੂੰ ਨਿਰਧਾਰਤ ਕਰਨਾ

SE ਕਾਨੂੰਨ ਵਿੱਚ ਤਬਦੀਲੀਆਂ ਬਾਰੇ ਸੋਚਦੇ ਸਮੇਂ ਇਹ ਜਾਣਨਾ ਮਹੱਤਵਪੂਰਨ ਹੈ। SE ਕਾਨੂੰਨ DSE ਨਾਲੋਂ ਘੱਟ ਮਿਆਰ ਨਿਰਧਾਰਤ ਨਹੀਂ ਕਰ ਸਕਦਾ, ਪਰ ਇਹ ਵੈਸਟਰਨ ਆਸਟ੍ਰੇਲੀਆ ਦੇ ਸਕੂਲਾਂ ਲਈ DSE ਮਿਆਰਾਂ ਨੂੰ

ਸ਼ਾਮਲ ਕਰ ਸਕਦਾ ਹੈ ਜਾਂ ਉੱਚ ਮਿਆਰ (ਜਿਵੇਂ ਕਿ DSE ਮਿਆਰਾਂ ਦੇ ਉਪਰ ਦੀ ਬਣਾਉਣਾ) ਨਿਰਧਾਰਤ ਕਰ ਸਕਦਾ ਹੈ।

# ਭਾਗ 2 - ਸਾਰੇ ਸਵਾਲਾਂ ਦੀ ਸੂਚੀ

ਸਾਡੇ ਕੋਲ 13 ਸਵਾਲ ਹਨ ਜਿੱਥੇ ਅਸੀਂ ਤੁਹਾਡੀਆਂ ਸੋਚਾਂ ਅਤੇ ਵਿਚਾਰਾਂ ਨੂੰ ਸੁਣਨਾ ਚਾਹੁੰਦੇ ਹਾਂ। ਤੁਸੀਂ ਇਹਨਾਂ ਵਿੱਚੋਂ ਕਿਸੇ ਦਾ ਵੀ ਨਹੀਂ, ਕੁਝ ਕੁ ਦੇ, ਜਾਂ ਸਾਰੇ ਸਵਾਲਾਂ ਦਾ ਜਵਾਬ ਦੇਣ ਦੀ ਚੋਣ ਕਰ ਸਕਦੇ ਹੋ।

ਅਸੀਂ ਸਵਾਲਾਂ ਨੂੰ ਹੇਠਾਂ ਸੂਚੀਬੱਧ ਕੀਤਾ ਹੈ।

ਵਿਚਾਰ-ਵਟਾਂਦਰੇ ਦੇ ਦਸਤਾਵੇਜ਼ ਦਾ ਭਾਗ 3 ਤੁਹਾਨੂੰ ਇਸ ਬਾਰੇ ਵਧੇਰੇ ਜਾਣਕਾਰੀ ਦੇਵੇਗਾ ਕਿ ਅਸੀਂ ਹਰੇਕ ਸਵਾਲ ਕਿਉਂ ਪੁੱਛ ਰਹੇ ਹਾਂ। ਇਹ ਇਹ ਵੀ ਦੱਸਦਾ ਹੈ ਕਿ ਅਸੀਂ ਹਰੇਕ ਸਵਾਲ ਲਈ ਆਪਣੀ ਖੋਜ ਤੋਂ ਕੀ ਸਿੱਖਿਆ ਹੈ।

**ਸਵਾਲ**

1. ਕੀ ਅਪੰਗਤਾ ਵਾਲੇ ਵਿਦਿਆਰਥੀਆਂ ਲਈ ਪਹੁੰਚ ਅਤੇ ਸ਼ਮੂਲੀਅਤ ਵਿੱਚ ਸੁਧਾਰ ਕਰਨ ਲਈ SE ਕਾਨੂੰਨ ਦੇ ਉਦੇਸ਼ਾਂ ਨੂੰ ਬਦਲਿਆ ਜਾਣਾ ਚਾਹੀਦਾ ਹੈ? ਜੇ ਹਾਂ, ਤਾਂ ਇਹ ਕਿਸ ਤਰ੍ਹਾਂ ਦਿਖਾਈ ਦੇਣਾ ਚਾਹੀਦਾ ਹੈ?
2. ਕੀ ਪਹੁੰਚ ਅਤੇ ਸ਼ਮੂਲੀਅਤ ਨੂੰ ਬਿਹਤਰ ਬਣਾਉਣ ਲਈ SE ਕਾਨੂੰਨ ਵਿੱਚ ਸਿਧਾਂਤ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ? ਜੇ ਹਾਂ, ਤਾਂ ਤੁਸੀਂ ਕਿਹੜੇ ਸਿਧਾਂਤ ਸ਼ਾਮਲ ਕਰੋਗੇ?
3. ਕੀ SE ਕਾਨੂੰਨ ਵਿੱਚ ਅਪੰਗਤਾ ਦੀ ਪਰਿਭਾਸ਼ਾ ਨੂੰ ਪਹੁੰਚ ਅਤੇ ਸ਼ਮੂਲੀਅਤ ਵਿੱਚ ਸੁਧਾਰ ਕਰਨ ਲਈ ਬਦਲਿਆ ਜਾਣਾ ਚਾਹੀਦਾ ਹੈ? ਜੇ ਹਾਂ, ਤਾਂ ਕਿਵੇਂ?
4. ਕੀ SE ਕਾਨੂੰਨ ਨੂੰ ਬਦਲਣਾ ਚਾਹੀਦਾ ਹੈ ਤਾਂ ਜੋ ਅਪੰਗਤਾ ਵਾਲੇ ਵਿਦਿਆਰਥੀਆਂ ਨੂੰ ਆਪਣੇ ਸਥਾਨਕ ਸਰਕਾਰੀ ਸਕੂਲ ਵਿੱਚ ਦਾਖ਼ਲਾ ਲੈਣ ਦਾ ਸਪੱਸ਼ਟ ਅਧਿਕਾਰ ਹੋਵੇ?
5. ਵਿਦਿਆਰਥੀਆਂ ਸਿੱਖਿਆ ਵਿੱਚ ਕਿਵੇਂ ਸ਼ਾਮਲ ਹੁੰਦੇ ਹਨ, ਕੀ SE ਕਾਨੂੰਨ ਨੂੰ ਇਸ ਵਿੱਚ ਵਧੇਰੇ ਲਚਕਤਾ ਪ੍ਰਦਾਨ ਕਰਨੀ ਚਾਹੀਦੀ ਹੈ? ਜੇ ਹਾਂ, ਤਾਂ ਇਹ ਕਿਸ ਤਰ੍ਹਾਂ ਦਿਖਾਈ ਦੇਣਾ ਚਾਹੀਦਾ ਹੈ?
6. ਕੀ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਬਾਰੇ SE ਕਾਨੂੰਨ ਵਿੱਚ ਕੋਈ ਤਬਦੀਲੀਆਂ ਹੋਣੀਆਂ ਚਾਹੀਦੀਆਂ ਹਨ? ਜੇ ਹਾਂ, ਤਾਂ ਇਹ ਕਿਸ ਤਰ੍ਹਾਂ ਦਿਖਾਈ ਦੇਣਾ ਚਾਹੀਦਾ ਹੈ?
7. ਕੀ ਅਪੰਗਤਾ ਵਾਲੇ ਵਿਦਿਆਰਥੀਆਂ ਅਤੇ/ਜਾਂ ਵਿਸ਼ਵਵਿਆਪੀ ਉਪਾਵਾਂ ਲਈ ਤਬਦੀਲੀਆਂ ਬਾਰੇ SE ਕਾਨੂੰਨ ਵਿੱਚ ਕੋਈ ਤਬਦੀਲੀਆਂ ਹੋਣੀਆਂ ਚਾਹੀਦੀਆਂ ਹਨ? ਜੇ ਹਾਂ, ਤਾਂ ਇਹ ਕਿਸ ਤਰ੍ਹਾਂ ਦਿਖਾਈ ਦੇਣਾ ਚਾਹੀਦਾ ਹੈ?
8. ਕੀ ਅਪੰਗਤਾ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨਾਲ ਸੰਚਾਰ ਕਰਨ, ਸਲਾਹ-ਮਸ਼ਵਰਾ ਕਰਨ ਅਤੇ/ਜਾਂ ਸਹਿਯੋਗ ਕਰਨ ਦੇ ਫਰਜ਼ਾਂ ਬਾਰੇ SE ਕਾਨੂੰਨ ਵਿੱਚ ਕੋਈ ਤਬਦੀਲੀਆਂ ਹੋਣੀਆਂ ਚਾਹੀਦੀਆਂ ਹਨ। ਜੇ ਹਾਂ, ਤਾਂ ਇਹ ਕਿਸ ਤਰ੍ਹਾਂ ਦਿਖਾਈ ਦੇਣਾ ਚਾਹੀਦਾ ਹੈ?

9. ਕੀ ਅਨੁਸ਼ਾਸਨ, ਮੁਅੱਤਲੀਆਂ ਜਾਂ ਬਾਹਰ ਕੱਢਣ ਬਾਰੇ SE ਕਾਨੂੰਨ ਵਿੱਚ ਕੋਈ ਤਬਦੀਲੀਆਂ ਹੋਣੀਆਂ ਚਾਹੀਦੀਆਂ ਹਨ? ਜੇ ਹਾਂ, ਤਾਂ ਇਹ ਕਿਸ ਤਰ੍ਹਾਂ ਦਿਖਾਈ ਦੇਣਾ ਚਾਹੀਦਾ ਹੈ?

10. ਕੀ ਪਾਬੰਦੀਸ਼ੁਦਾ ਅਭਿਆਸਾਂ ਬਾਰੇ SE ਕਾਨੂੰਨ (ਜਾਂ ਨਿਯਮਾਂ) ਵਿੱਚ ਕੋਈ ਤਬਦੀਲੀਆਂ ਹੋਣੀਆਂ ਚਾਹੀਦੀਆਂ ਹਨ? ਜੇ ਹਾਂ, ਤਾਂ ਇਹ ਕਿਸ ਤਰ੍ਹਾਂ ਦਿਖਾਈ ਦੇਣਾ ਚਾਹੀਦਾ ਹੈ?

11. ਕੀ SE ਕਾਨੂੰਨ ਦੇ ਅਪੰਗਤਾ ਸਲਾਹਕਾਰ ਪੈਨਲ ਅਤੇ/ਜਾਂ ਅਨੁਸ਼ਾਸਨ ਸਲਾਹਕਾਰ ਪੈਨਲ ਦੇ ਹਿੱਸਿਆਂ ਵਿੱਚ ਕੋਈ ਤਬਦੀਲੀਆਂ ਹੋਣੀਆਂ ਚਾਹੀਦੀਆਂ ਹਨ? ਜੇ ਹਾਂ, ਤਾਂ ਇਹ ਕਿਸ ਤਰ੍ਹਾਂ ਦਿਖਾਈ ਦੇਣਾ ਚਾਹੀਦਾ ਹੈ?

12. ਕੀ SE ਕਾਨੂੰਨ ਨੂੰ ਬਦਲਣਾ ਚਾਹੀਦਾ ਹੈ ਤਾਂ ਜੋ ਸ਼ਿਕਾਇਤਾਂ ਨੂੰ ਵੱਖਰੇ ਤਰੀਕੇ ਨਾਲ ਨਜਿੱਠਿਆ ਜਾ ਸਕੇ? ਜੇ ਹਾਂ, ਤਾਂ ਇਹ ਕਿਸ ਤਰ੍ਹਾਂ ਦਿਖਾਈ ਦੇਣਾ ਚਾਹੀਦਾ ਹੈ?

13. ਤੁਹਾਡੇ ਵੱਲੋਂ ਸੁਝਾਏ ਗਏ ਸਾਰੇ ਬਦਲਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਸਰਕਾਰ ਕਿਵੇਂ ਨਿਗਰਾਨੀ ਕਰ ਸਕਦੀ ਹੈ ਕਿ ਕੀ ਹੋ ਰਿਹਾ ਹੈ ਅਤੇ ਇਹ ਕਿਵੇਂ ਵਿਖਾ ਸਕਦੀ ਹੈ ਕਿ ਚੀਜ਼ਾਂ ਵਿੱਚ ਸੁਧਾਰ ਹੋ ਰਿਹਾ ਹੈ?

# ਭਾਗ 3 - ਮੁੱਖ ਮੁੱਦਿਆਂ ਅਤੇ ਸਵਾਲਾਂ ਬਾਰੇ ਵਿਸਥਾਰ

SE ਕਾਨੂੰਨ ਵਿੱਚ ਅਜਿਹੇ ਪ੍ਰਬੰਧ ਹਨ ਜੋ ਸਿੱਖਿਆ ਪ੍ਰਣਾਲੀ ਵਿੱਚ ਬੱਚੇ ਦੀ ਪੂਰੀ ਯਾਤਰਾ ਨੂੰ ਪ੍ਰਭਾਵਿਤ ਕਰਦੇ ਹਨ। ਇਹ ਵਿਚਾਰ-ਵਟਾਂਦਰਾ ਦਸਤਾਵੇਜ਼ ਇਸ ਨੂੰ 4 ਸਿਰਲੇਖਾਂ ਅਧੀਨ ਵੰਡਦਾ ਹੈ:

1. **ਸੁਰ ਨਿਰਧਾਰਤ ਕਰਨਾ**: ਉਹ ਚੀਜ਼ਾਂ ਜੋ ਪੂਰੇ SE ਕਾਨੂੰਨ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਇਹ ਸੇਧ ਦੇਣ ਲਈ ਮਿਲ ਕੇ ਕੰਮ ਕਰਦੀਆਂ ਹਨ ਕਿ ਕਾਨੂੰਨ ਨੂੰ ਕਿਵੇਂ ਸਮਝਿਆ ਅਤੇ ਲਾਗੂ ਕੀਤਾ ਜਾਂਦਾ ਹੈ, ਜਿਵੇਂ ਕਿ ਵਸਤੂਆਂ, ਸਿਧਾਂਤ ਅਤੇ ਪਰਿਭਾਸ਼ਾਵਾਂ

2. **ਸ਼ੁਰੂਆਤ ਕਰਨਾ**: ਬੱਚੇ ਅਤੇ ਨੌਜਵਾਨ ਸਕੂਲ ਵਿੱਚ ਕਿਵੇਂ ਦਾਖ਼ਲਾ ਲੈਂਦੇ ਹਨ ਅਤੇ ਸਕੂਲ ਜਾਂ ਹੋਰ ਸਿੱਖਿਆ ਹਾਲਾਤਾਂ ਵਿੱਚ ਜਾਣ ਦੇ ਵਿਕਲਪ
3. **ਸਕੂਲੀ ਜੀਵਨ**: ਅਧਿਆਪਕਾਂ ਅਤੇ ਪ੍ਰਿੰਸੀਪਲਾਂ ਦੀਆਂ ਸ਼ਕਤੀਆਂ ਅਤੇ ਜ਼ਿੰਮੇਵਾਰੀਆਂ; ਸਕੂਲ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਕਦੋਂ ਅਤੇ ਕਿਵੇਂ ਸੰਚਾਰ ਕਰਦੇ ਹਨ; ਅਤੇ ਸਕੂਲ ਉਹਨਾਂ ਵਿਦਿਆਰਥੀਆਂ ਦੀ ਸਹਾਇਤਾ ਕਿਵੇਂ ਕਰਦੇ ਹਨ ਜਿੰਨ੍ਹਾਂ ਨੂੰ ਸਕੂਲ ਤੋਂ ਵੱਧ ਤੋਂ ਵੱਧ ਲਾਭ ਲੈਣ ਲਈ ਤਬਦੀਲੀਆਂ ਜਾਂ ਸਹਾਇਤਾ ਦੀ ਲੋੜ ਹੁੰਦੀ ਹੈ
4. **ਜਦੋਂ ਵਿਦਿਆਰਥੀ ਸਕੂਲ ਵਿੱਚ ਚੰਗੀ ਤਰ੍ਹਾਂ ਨਹੀਂ ਚੱਲ ਰਿਹਾ ਹੈ**: ਸਕੂਲ ਅਨੁਸ਼ਾਸਨ, ਸ਼ਿਕਾਇਤਾਂ ਅਤੇ ਵਿਵਾਦਾਂ ਨਾਲ ਕਿਵੇਂ ਨਜਿੱਠਦੇ ਹਨ, ਅਤੇ ਅਪੰਗਤਾ ਸਲਾਹਕਾਰ ਪੈਨਲਾਂ ਦੀ ਭੂਮਿਕਾ।

## 1. ਸੁਰ ਨਿਰਧਾਰਤ ਕਰਨਾ

### ਉਦੇਸ਼

ਉਦੇਸ਼ ਕਿਸੇ ਕਾਨੂੰਨ ਦੇ ਮਕਸਦ ਅਤੇ ਇਹ ਕੀ ਪ੍ਰਾਪਤ ਕਰਨ ਦੀ ਉਮੀਦ ਕਰਦਾ ਹੈ, ਦੀ ਵਿਆਪਕ ਸੰਖੇਪ ਜਾਣਕਾਰੀ ਦਿੰਦੇ ਹਨ। ਉਹ ਕਿਸੇ ਕਾਨੂੰਨ ਦੀ ਵਿਆਖਿਆ ਅਤੇ ਲਾਗੂ ਕਰਨ ਬਾਰੇ ਮਾਰਗ ਦਰਸ਼ਨ ਕਰਨ ਵਿੱਚ ਮਦਦ ਕਰਦੇ ਹਨ।

#### SE ਕਾਨੂੰਨ ਵਿੱਚ ਕੀ ਹੈ

SE ਕਾਨੂੰਨ ਦਾ ਸੈਕਸ਼ਨ 3 ਉਦੇਸ਼ਾਂ ਦੀ ਰੂਪਰੇਖਾ ਦਿੰਦਾ ਹੈ। ਉਹ ਮੁੱਖ ਤੌਰ 'ਤੇ ਬੱਚਿਆਂ ਨੂੰ ਉਨ੍ਹਾਂ ਦੇ ਲਾਜ਼ਮੀ ਸਕੂਲੀ ਸਾਲਾਂ ਦੌਰਾਨ ਸਿੱਖਿਆ ਪ੍ਰਦਾਨ ਕਰਨ ਬਾਰੇ ਹਨ। ਉਹ ਬੱਚੇ ਦੇ ਮਾਪਿਆਂ ਨੂੰ ਸ਼ਾਮਲ ਕਰਨ ਦੀ ਮਹੱਤਤਾ ਨੂੰ ਵੀ ਸਵੀਕਾਰ ਕਰਦੇ ਹਨ।

#### ਹੋਰ ਸਰੋਤ ਕੀ ਕਹਿੰਦੇ ਹਨ

ਆਸਟ੍ਰੇਲੀਆ ਦੇ ਹੋਰ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਅਤੇ ਹੋਰ ਦੇਸ਼ਾਂ ਵਿੱਚ ਉਨ੍ਹਾਂ ਦੇ ਬਰਾਬਰ ਸਿੱਖਿਆ ਕਾਨੂੰਨਾਂ ਵਿੱਚ ਉਦੇਸ਼ ਹਨ ਜੋ ਇਹਨਾਂ ਦਾ ਹਵਾਲਾ ਦਿੰਦੇ ਹਨ:

- ਸ਼ਮੂਲੀਅਤ
- ਬੱਚਿਆਂ ਅਤੇ ਨੌਜਵਾਨਾਂ ਦੀਆਂ ਵਿਅਕਤੀਗਤ ਲੋੜਾਂ ਦਾ ਜਵਾਬ ਦੇਣਾ
- ਲਚਕਤਾ
- ਸਾਰੇ ਬੱਚਿਆਂ ਅਤੇ ਨੌਜਵਾਨਾਂ ਨੂੰ ਉਨ੍ਹਾਂ ਦੀ ਸਮਰੱਥਾ ਤੱਕ ਪਹੁੰਚਣ ਜਾਂ ਵੱਧ ਤੋਂ ਵੱਧ ਹਾਸਲ ਕਰਨ ਵਿੱਚ ਸਹਾਇਤਾ ਕਰਨਾ
- ਵਿਦਿਆਰਥੀਆਂ ਨੂੰ ਸਮਾਜ ਅਤੇ ਉਨ੍ਹਾਂ ਦੇ ਭਾਈਚਾਰਿਆਂ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ ਲਈ ਹੁਨਰ ਅਤੇ ਸਮਰੱਥਾਵਾਂ ਪ੍ਰਦਾਨ ਕਰਨਾ।

**ਸਵਾਲ**

1. ਕੀ ਅਪੰਗਤਾ ਵਾਲੇ ਵਿਦਿਆਰਥੀਆਂ ਲਈ ਪਹੁੰਚ ਅਤੇ ਸ਼ਮੂਲੀਅਤ ਵਿੱਚ ਸੁਧਾਰ ਕਰਨ ਲਈ SE ਕਾਨੂੰਨ ਦੇ ਉਦੇਸ਼ਾਂ ਨੂੰ ਬਦਲਿਆ ਜਾਣਾ ਚਾਹੀਦਾ ਹੈ? ਜੇ ਹਾਂ, ਤਾਂ ਕਿਵੇਂ?

**ਸੋਚਣ ਵਾਲੀਆਂ ਚੀਜ਼ਾਂ**

- SE ਕਾਨੂੰਨ ਦੇ ਸੈਕਸ਼ਨ 3 ਨੂੰ ਵੇਖੋ
- ਕੀ ਉਦੇਸ਼ ਅਪੰਗਤਾ ਵਾਲੇ ਵਿਦਿਆਰਥੀਆਂ ਨੂੰ ਸ਼ਾਮਲ ਕਰਨ ਅਤੇ ਉਨ੍ਹਾਂ ਦੀ ਸਿੱਖਿਆ ਦਾ ਵੱਧ ਤੋਂ ਵੱਧ ਲਾਭ ਲੈਣ ਵਿੱਚ ਸਹਾਇਤਾ ਕਰਦੇ ਹਨ?
- ਤੁਸੀਂ ਹੋਰ ਸਥਾਨਾਂ (ਹੇਠਾਂ ਸੂਚੀਬੱਧ) ਦੇ ਸਿੱਖਿਆ ਕਾਨੂੰਨਾਂ ਦੇ ਉਦੇਸ਼ਾਂ ਨੂੰ ਵੀ ਵੇਖ ਸਕਦੇ ਹੋ ਅਤੇ ਵੇਖ ਸਕਦੇ ਹੋ ਕਿ ਕੀ ਤੁਸੀਂ ਸੋਚਦੇ ਹੋ ਕਿ SE ਕਾਨੂੰਨ ਵਿੱਚ ਕੁਝ ਅਜਿਹਾ ਹੋਣਾ ਚਾਹੀਦਾ ਹੈ।

**ਮੁੱਖ ਹਵਾਲੇ:**

- *ਸਿੱਖਿਆ ਕਾਨੂੰਨ 2015* (ਨੌਰਦਰਨ ਟੈਰੀਟਰੀ) – ਸੈਕਸ਼ਨ 3 ਵੇਖੋ
- *ਸਿੱਖਿਆ ਅਤੇ ਸਿਖਲਾਈ ਕਾਨੂੰਨ 2020* (ਨਿਊਜ਼ੀਲੈਂਡ) – ਸੈਕਸ਼ਨ 4 ਅਤੇ 32 ਵੇਖੋ
- *ਸਿੱਖਿਆ (ਜਨਰਲ ਪ੍ਰੋਵੀਜ਼ਨਜ਼) ਕਾਨੂੰਨ 2006* (ਕੁਈਨਜ਼ਲੈਂਡ) – ਸੈਕਸ਼ਨ 5 ਵੇਖੋ
- *ਸਿੱਖਿਆ ਕਾਨੂੰਨ 2016* (ਤਸਮਾਨੀਆ) - ਸੈਕਸ਼ਨ 3 ਵੇਖੋ
- ਪੁਰਤਗਾਲ ਦਾ ਫ਼ਰਮਾਨ-ਕਾਨੂੰਨ ਨੰਬਰ 54/2018

## ਸਿਧਾਂਤ

ਕਾਨੂੰਨਾਂ ਵਿੱਚ ਅਕਸਰ ਸਿਧਾਂਤ ਸ਼ਾਮਲ ਹੁੰਦੇ ਹਨ। ਇਹ ਉਹ ਮੁੱਖ ਕਦਰਾਂ ਕੀਮਤਾਂ ਹਨ ਜੋ ਕਿਸੇ ਕਾਨੂੰਨ ਦੇ ਉਦੇਸ਼ ਅਤੇ ਇਰਾਦੇ ਨੂੰ ਸੂਚਿਤ ਕਰਦੀਆਂ ਹਨ। ਉਨ੍ਹਾਂ ਦੀ ਵਰਤੋਂ ਇਹ ਮਾਰਗ ਦਰਸ਼ਨ ਕਰਨ ਲਈ ਕੀਤੀ ਜਾਂਦੀ ਹੈ ਕਿ ਕਿਸੇ ਕਾਨੂੰਨ ਦੀ ਵਿਆਖਿਆ ਕਿਵੇਂ ਕੀਤੀ ਜਾਣੀ ਹੈ। ਸਿਧਾਂਤਾਂ ਵਾਲਾ ਕਾਨੂੰਨ ਆਮ ਤੌਰ 'ਤੇ ਇਹ ਕਹੇਗਾ ਕਿ ਕਾਨੂੰਨ ਅਧੀਨ ਕੋਈ ਕੰਮ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਸਿਧਾਂਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

### SE ਕਾਨੂੰਨ ਵਿੱਚ ਕੀ ਹੈ

SE ਕਾਨੂੰਨ ਦੇ ਕੋਈ ਸਿਧਾਂਤ ਨਹੀਂ ਹਨ।

### ਹੋਰ ਸਰੋਤ ਕੀ ਕਹਿੰਦੇ ਹਨ

CRPD ਦੀ ਧਾਰਾ 24 (ਅਤੇ ਆਮ ਟਿੱਪਣੀ 4) ਸਿੱਖਿਆ ਦੇ ਮਨੁੱਖੀ ਅਧਿਕਾਰ ਬਾਰੇ ਗੱਲ ਕਰਦੀ ਹੈ ਕਿ:

- ਅਪਾਹਜ ਲੋਕਾਂ ਸਮੇਤ ਸਾਰੇ ਵਿਦਿਆਰਥੀਆਂ ਨੂੰ ਸਮਾਵੇਸ਼ੀ ਸਿੱਖਿਆ ਦਾ ਅਧਿਕਾਰ ਹੈ
- ਸਮਾਵੇਸ਼ੀ ਸਿੱਖਿਆ ਸਾਰੇ ਵਿਦਿਆਰਥੀਆਂ ਨੂੰ ਮਹੱਤਵਪੂਰਨ ਜੀਵਨ ਅਤੇ ਸਮਾਜਿਕ ਹੁਨਰ ਸਿੱਖਣ ਵਿੱਚ ਮਦਦ ਕਰਦੀ ਹੈ ਤਾਂ ਜੋ ਉਹ ਆਪਣੀ ਸਮਰੱਥਾ ਤੱਕ ਪਹੁੰਚ ਸਕਣ ਅਤੇ ਭਾਈਚਾਰਕ ਜੀਵਨ ਵਿੱਚ ਪੂਰੀ ਤਰ੍ਹਾਂ ਹਿੱਸਾ ਲੈ ਸਕਣ
- ਸਿੱਖਿਆ ਦਾ ਅਧਿਕਾਰ ਬੱਚੇ ਦਾ ਮਨੁੱਖੀ ਅਧਿਕਾਰ ਹੈ, ਅਤੇ ਬੱਚੇ ਦੀ ਸਿੱਖਿਆ ਬਾਰੇ ਮਾਪਿਆਂ ਦੀਆਂ ਜ਼ਿੰਮੇਵਾਰੀਆਂ ਅਤੇ ਚੋਣਾਂ ਬੱਚੇ ਦੇ ਮਨੁੱਖੀ ਅਧਿਕਾਰਾਂ ਤੋਂ ਬਾਅਦ ਸਿੱਖਿਆ ਲਈ ਦੂਜੇ ਨੰਬਰ 'ਤੇ ਆਉਂਦੀਆਂ ਹਨ।

ਆਸਟ੍ਰੇਲੀਆ ਦੇ ਕਈ ਹੋਰ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਵਿੱਚ, ਅਤੇ ਕੁਝ ਹੋਰ ਦੇਸ਼ਾਂ ਵਿੱਚ, ਸਿੱਖਿਆ ਕਾਨੂੰਨਾਂ ਵਿੱਚ ਸਿਧਾਂਤ ਸ਼ਾਮਲ ਹਨ। ਇਹਨਾਂ ਸਿਧਾਂਤਾਂ ਵਿੱਚ ਹੇਠ ਲਿਖਿਆਂ ਦਾ ਹਵਾਲਾ ਸ਼ਾਮਲ ਹੈ:

- ਸਿੱਖਿਆ ਤੱਕ ਵਿਸ਼ਵਵਿਆਪੀ ਪਹੁੰਚ
- ਬੱਚਿਆਂ ਅਤੇ ਨੌਜਵਾਨਾਂ ਦੀਆਂ ਵਿਅਕਤੀਗਤ ਲੋੜਾਂ ਨੂੰ ਪਛਾਣਨਾ
- ਬੱਚਿਆਂ ਅਤੇ ਨੌਜਵਾਨਾਂ ਨੂੰ ਉਹਨਾਂ ਫ਼ੈਸਲਿਆਂ ਵਿੱਚ ਸ਼ਾਮਲ ਕਰਨਾ ਜੋ ਉਹਨਾਂ ਨੂੰ ਪ੍ਰਭਾਵਿਤ ਕਰਦੇ ਹਨ
- ਮਾਪਿਆਂ ਅਤੇ ਸਕੂਲ ਭਾਈਚਾਰਿਆਂ ਨਾਲ ਮਿਲ ਕੇ ਕੰਮ ਕਰਨਾ
- ਇਹ ਵਿਸ਼ਵਾਸ ਕਰਨਾ ਕਿ ਸਾਰੇ ਬੱਚੇ ਅਤੇ ਨੌਜਵਾਨ ਸਿੱਖਿਆ ਦੇ ਹੱਕਦਾਰ ਹਨ ਅਤੇ ਸਿੱਖਣ ਦੇ ਯੋਗ ਹਨ
- ਵਧੀਆ ਸਿੱਖਣ ਦੇ ਤਜ਼ਰਬਿਆਂ ਦੇ ਅਧਾਰ ਤੇ ਸਿੱਖਿਆ ਪ੍ਰਦਾਨ ਕਰਨਾ
- ਖੁੱਲ੍ਹੇਪਣ ਅਤੇ ਸਹਿਣਸ਼ੀਲਤਾ ਦੀਆਂ ਕਦਰਾਂ ਕੀਮਤਾਂ ਪ੍ਰਤੀ ਵਚਨਬੱਧਤਾ ਸਮੇਤ ਆਸਟ੍ਰੇਲੀਆ ਦੇ ਲੋਕਤੰਤਰ ਦੇ ਸਿਧਾਂਤਾਂ ਦਾ ਸਮਰਥਨ ਕਰਨਾ ਅਤੇ ਉਤਸ਼ਾਹਿਤ ਕਰਨਾ
- ਜਿਸ ਵਿੱਚ ਅਪੰਗਤਾ ਵਾਲੇ ਵਿਦਿਆਰਥੀ ਅਤੇ ਲੋੜੀਂਦੀਆਂ ਤਬਦੀਲੀਆਂ ਲਈ ਉਨ੍ਹਾਂ ਦੇ ਹੱਕ ਸ਼ਾਮਲ ਹਨ।

WA *ਅਧਿਆਪਕ ਰਜਿਸਟ੍ਰੇਸ਼ਨ ਕਾਨੂੰਨ 2012* ਦੀ ਧਾਰਾ 6 ਉਸ ਕਾਨੂੰਨ ਲਈ ਇਕ ਸਿਧਾਂਤ ਨਿਰਧਾਰਤ ਕਰਦੀ ਹੈ। ਧਾਰਾ 6 ਕਹਿੰਦੀ ਹੈ ਕਿ ਉਸ ਕਾਨੂੰਨ ਦੇ ਅਧੀਨ ਕੰਮ ਕਰਨ ਵਾਲੇ ਵਿਅਕਤੀ ਨੂੰ ਕਾਨੂੰਨ ਦੇ ਅਧੀਨ ਆਪਣੀ ਭੂਮਿਕਾ ਨਿਭਾਉਂਦੇ ਸਮੇਂ ਬੱਚਿਆਂ ਦੇ ਸਰਵੋਤਮ ਹਿੱਤਾਂ ਨੂੰ ਸਭ ਤੋਂ ਮਹੱਤਵਪੂਰਨ ਚੀਜ਼ ਮੰਨਣਾ ਚਾਹੀਦਾ ਹੈ।

WA ਵਿੱਚ ਇਕ ਹੋਰ ਸਿਧਾਂਤ-ਅਧਾਰਿਤ ਸਥਿਤੀ ਵੈਸਟਰਨ ਆਸਟ੍ਰੇਲੀਆ ਫਾਰ ਐਵਰੀਵੰਨ: ਸਟੇਟ ਡਿਸਏਬਿਲਿਟੀ ਰਣਨੀਤੀ 2020-2030, ਦੂਜੀ ਕਾਰਜ ਯੋਜਨਾ ਦੇ ਅਧੀਨ ਕਾਰਵਾਈ 1.4 ਹੈ। ਕਾਰਵਾਈ *1.4 ਸਮਾਵੇਸ਼ੀ ਸਿੱਖਿਆ ਦੇ ਸਿਧਾਂਤ* ਪਬਲਿਕ ਸਕੂਲਾਂ ਵਿੱਚ ਸ਼ਮੂਲੀਅਤ ਨੂੰ ਮਜ਼ਬੂਤ ਕਰਨ ਅਤੇ ਸਿੱਖਿਆ ਸੇਵਾਵਾਂ, ਪ੍ਰੋਗਰਾਮਾਂ ਅਤੇ ਸਹੂਲਤਾਂ ਵਿੱਚ ਸਮਾਵੇਸ਼ੀ ਸਿੱਖਿਆ ਦੇ ਸਿਧਾਂਤਾਂ ਨੂੰ ਦਰਸਾਉਣ ਬਾਰੇ ਹਨ।

**ਸਵਾਲ**

2. ਕੀ ਪਹੁੰਚ ਅਤੇ ਸ਼ਮੂਲੀਅਤ ਨੂੰ ਬਿਹਤਰ ਬਣਾਉਣ ਲਈ SE ਕਾਨੂੰਨ ਵਿੱਚ ਸਿਧਾਂਤ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ? ਜੇ ਹਾਂ, ਤਾਂ ਤੁਸੀਂ ਕਿਹੜੇ ਸਿਧਾਂਤ ਸ਼ਾਮਲ ਕਰੋਗੇ?

**ਸੋਚਣ ਵਾਲੀਆਂ ਚੀਜ਼ਾਂ**

- ਤੁਸੀਂ ਹੋਰ ਸਿੱਖਿਆ ਕਾਨੂੰਨਾਂ (ਹੇਠਾਂ ਸੂਚੀਬੱਧ) ਦੇ ਸਿਧਾਂਤਾਂ ਨੂੰ ਵੇਖ ਸਕਦੇ ਹੋ ਅਤੇ ਵੇਖ ਸਕਦੇ ਹੋ ਕਿ ਕੀ ਤੁਸੀਂ ਸੋਚਦੇ ਹੋ ਕਿ SE ਕਾਨੂੰਨ ਵਿੱਚ ਕੁਝ ਅਜਿਹਾ ਹੋਣਾ ਚਾਹੀਦਾ ਹੈ।

**ਮੁੱਖ ਹਵਾਲੇ**

- *ਸਿੱਖਿਆ ਕਾਨੂੰਨ 2015* (ਨੌਰਦਰਨ ਟੈਰੀਟਰੀ) – ਸੈਕਸ਼ਨ 4 ਵੇਖੋ
- *ਸਿੱਖਿਆ (ਜਨਰਲ ਪ੍ਰੋਵੀਜ਼ਨਜ਼) ਕਾਨੂੰਨ 2006* (ਕੁਈਨਜ਼ਲੈਂਡ) – ਵੇਖੋ ਸੈਕਸ਼ਨ 7
- *ਸਿੱਖਿਆ ਕਾਨੂੰਨ 2016* (ਤਸਮਾਨੀਆ) - ਸੈਕਸ਼ਨ 4 ਵੇਖੋ
- *ਸਿੱਖਿਆ ਕਾਨੂੰਨ 1990* (ਨਿਊ ਸਾਊਥ ਵੇਲਜ਼) – ਸੈਕਸ਼ਨ 4 ਵੇਖੋ
- *ਸਿੱਖਿਆ ਅਤੇ ਸਿਖਲਾਈ ਸੁਧਾਰ ਕਾਨੂੰਨ 2006* (ਵਿਕਟੋਰੀਆ) - ਸੈਕਸ਼ਨ 1.2.1 ਵੇਖੋ
- ਪੁਰਤਗਾਲ ਦਾ ਫ਼ਰਮਾਨ-ਕਾਨੂੰਨ ਨੰਬਰ 54/2018

## ਪਰਿਭਾਸ਼ਾਵਾਂ

ਪਰਿਭਾਸ਼ਾਵਾਂ ਕਿਸੇ ਕਾਨੂੰਨ ਵਿੱਚ ਮੁੱਖ ਸ਼ਬਦਾਂ ਦੇ ਦਾਇਰੇ ਨੂੰ ਨਿਰਧਾਰਤ ਕਰਦੀਆਂ ਹਨ।

### SE ਕਾਨੂੰਨ ਵਿੱਚ ਕੀ ਹੈ

SE ਕਾਨੂੰਨ ਦੀਆਂ ਮੁੱਖ ਸ਼ਰਤਾਂ ਅਤੇ ਪਰਿਭਾਸ਼ਾਵਾਂ ਸੈਕਸ਼ਨ 4 ਵਿੱਚ ਦਰਸਾਈਆਂ ਗਈਆਂ ਹਨ।

SE ਕਾਨੂੰਨ ਵਰਤਮਾਨ ਵਿੱਚ ਅਪੰਗਤਾ ਸ਼ਬਦ ਨੂੰ ਪਰਿਭਾਸ਼ਿਤ ਕਰਦਾ ਹੈ। ਇਹ ਸ਼ਬਦ SE ਕਾਨੂੰਨ ਦੇ ਅਧੀਨ ਵੱਖ-ਵੱਖ ਪ੍ਰਬੰਧਾਂ ਲਈ ਵਰਤਿਆ ਜਾਂਦਾ ਹੈ ਜੋ ਅਪੰਗਤਾ ਵਾਲੇ ਵਿਦਿਆਰਥੀਆਂ 'ਤੇ ਲਾਗੂ ਹੁੰਦੇ ਹਨ - ਜਿਵੇਂ ਕਿ ਸੈਕਸ਼ਨ 73, 84, 86 ਅਤੇ 92

SE ਕਾਨੂੰਨ ਦੇ ਅਧੀਨ, ਅਪੰਗਤਾ ਨੂੰ ਡਾਕਟਰੀ ਮਾਡਲ ਦੀ ਵਰਤੋਂ ਕਰਕੇ ਪਰਿਭਾਸ਼ਿਤ ਕੀਤਾ ਜਾਂਦਾ ਹੈ ਅਤੇ ਇਹ ਉਹਨਾਂ ਸ਼ਰਤਾਂ ਤੱਕ ਸੀਮਤ ਹੈ ਜੋ ਸਥਾਈ ਹਨ।

ਡਾਕਟਰੀ ਮਾਡਲ ਅਪੰਗਤਾ ਨੂੰ ਵਿਅਕਤੀ ਦੀ ਸਮੱਸਿਆ ਵਜੋਂ ਵੇਖਦਾ ਹੈ। ਇਹ ਸਰੀਰਕ, ਮਾਨਸਿਕ, ਜਾਂ ਸੰਵੇਦਨਸ਼ੀਲ ਅੰਤਰਾਂ ਨੂੰ ਘਾਟਾਂ ਜਾਂ ਚੀਜ਼ਾਂ ਵਜੋਂ ਸੋਚਦਾ ਹੈ ਜਿਨ੍ਹਾਂ ਨੂੰ ਡਾਕਟਰੀ ਦੇਖਭਾਲ ਜਾਂ ਸਿਹਤ ਸੰਭਾਲ ਨਾਲ ਠੀਕ ਕਰਨ ਜਾਂ ਪ੍ਰਬੰਧਿਤ ਕਰਨ ਦੀ ਲੋੜ ਹੁੰਦੀ ਹੈ।

ਅਪੰਗਤਾ ਵਾਲੇ ਲੋਕਾਂ ਨੇ ਕਈ ਸਾਲਾਂ ਤੋਂ ਇਸ ਡਾਕਟਰੀ ਮਾਡਲ ਦੇ ਦ੍ਰਿਸ਼ਟੀਕੋਣ ਨੂੰ ਚੁਣੌਤੀ ਦਿੱਤੀ ਹੈ। ਡਾਕਟਰੀ ਮਾਡਲ ਦੀ ਬਜਾਏ, ਅਪੰਗਤਾ ਵਾਲੇ ਬਹੁਤ ਸਾਰੇ ਲੋਕ ਅਪੰਗਤਾ ਦੇ ਆਪਣੇ ਤਜ਼ਰਬਿਆਂ ਨੂੰ ਬਿਹਤਰ ਢੰਗ ਨਾਲ ਸਮਝਾਉਣ ਲਈ ਸਮਾਜਿਕ ਮਾਡਲ ਦੀ ਵਰਤੋਂ ਕਰਨਾ ਪਸੰਦ ਕਰਦੇ ਹਨ। ਸਮਾਜਿਕ ਮਾਡਲ ਅਪੰਗਤਾਵਾਂ ਵਾਲੇ ਲੋਕਾਂ ਨੂੰ ਦਰਪੇਸ਼ ਰੁਕਾਵਟਾਂ ਨੂੰ ਵੇਖਦਾ ਹੈ ਕਿਉਂਕਿ ਸਮਾਜ ਉਨ੍ਹਾਂ ਦੀਆਂ ਸਰੀਰਕ, ਮਾਨਸਿਕ ਜਾਂ ਸੰਵੇਦਨਸ਼ੀਲ ਵਿਸ਼ੇਸ਼ਤਾਵਾਂ ਨੂੰ ਅਨੁਕੂਲ ਨਹੀਂ ਕਰਦਾ। ਫਿਰ ਇਹ ਇਸ ਗੱਲ 'ਤੇ ਧਿਆਨ ਕੇਂਦ੍ਰਿਤ ਕਰਦਾ ਹੈ ਕਿ ਅਸੀਂ ਰਵੱਈਏ ਅਤੇ ਵਾਤਾਵਰਣ ਨੂੰ ਬਦਲਣ ਲਈ ਕੀ ਕਰ ਸਕਦੇ ਹਾਂ, ਵੱਖ-ਵੱਖ ਮਨੁੱਖੀ ਵਿਸ਼ੇਸ਼ਤਾਵਾਂ ਨੂੰ ਅਨੁਕੂਲ ਕਰਨ ਲਈ ਤਾਂ ਜੋ ਅਪੰਗਤਾ ਵਾਲੇ ਲੋਕਾਂ ਨੂੰ ਘੱਟ ਰੁਕਾਵਟਾਂ ਦਾ ਸਾਹਮਣਾ ਕਰਨਾ ਪਵੇ ਅਤੇ ਹਰ ਕਿਸੇ ਵਾਂਗ ਸਮਾਜ ਵਿੱਚ ਸ਼ਾਮਲ ਹੋ ਸਕਣ।

ਅਪੰਗਤਾ ਨੂੰ ਪਰਿਭਾਸ਼ਿਤ ਕਰਨ ਲਈ ਅਸੀਂ ਜੋ ਮਾਡਲ ਵਰਤਦੇ ਹਾਂ ਉਹ ਇਸ ਗੱਲ ਵਿੱਚ ਵੱਡਾ ਫ਼ਰਕ ਪਾ ਸਕਦੇ ਹਨ ਕਿ ਅਸੀਂ ਅਪੰਗਤਾ ਵਾਲੇ ਲੋਕਾਂ ਨੂੰ ਕਿਵੇਂ ਸਮਝਦੇ ਹਾਂ, ਉਨ੍ਹਾਂ ਨੂੰ ਕੀ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਸ਼ਾਮਲ ਹੋਣ ਵਿੱਚ ਮਦਦ ਕਰਨ ਲਈ ਸਾਡੀ ਭੂਮਿਕਾ ਕੀ ਹੈ।

SE ਕਾਨੂੰਨ ਦੀ ਅਪੰਗਤਾ ਦੀ ਪਰਿਭਾਸ਼ਾ DDA (ਅਤੇ DSE) ਦੁਆਰਾ ਵਰਤੀ ਗਈ ਪਰਿਭਾਸ਼ਾ ਤੋਂ ਵੱਖਰੀ ਹੈ। DDA ਦੀ ਪਰਿਭਾਸ਼ਾ ਵਿਆਪਕ ਹੈ, ਇਸ ਵਿੱਚ ਅਸਥਾਈ ਅਪੰਗਤਾ ਸ਼ਾਮਲ ਹੈ, ਅਤੇ ਇਸ ਦੇ ਕੁਝ ਹਿੱਸੇ ਹਨ ਜੋ ਸਮਾਜਿਕ ਮਾਡਲ 'ਤੇ ਵਧੇਰੇ ਧਿਆਨ ਕੇਂਦ੍ਰਿਤ ਕਰਦੇ ਹਨ, ਪਰ ਇਹ ਅਜੇ ਵੀ ਜ਼ਿਆਦਾਤਰ ਡਾਕਟਰੀ ਮਾਡਲ ਰਾਹੀਂ ਅਪੰਗਤਾ ਨੂੰ ਵੇਖਦਾ ਹੈ। ਇਹ ਅੰਤਰ WA ਸਕੂਲਾਂ ਲਈ ਉਲਝਣ ਭਰੇ ਹੋ ਸਕਦੇ ਹਨ ਕਿਉਂਕਿ ਸਕੂਲਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ DDA/DSE ਪਰਿਭਾਸ਼ਾ ਦੀ ਵਰਤੋਂ ਕਦੋਂ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ SE ਕਾਨੂੰਨ ਦੀ ਪਰਿਭਾਸ਼ਾ ਦੀ ਵਰਤੋਂ ਕਦੋਂ ਕਰਨੀ ਚਾਹੀਦੀ ਹੈ।

## ਹੋਰ ਸਰੋਤ ਕੀ ਕਹਿੰਦੇ ਹਨ

ਕਿਉਂਕਿ ਲੋਕ ਅਪੰਗਤਾ ਨੂੰ ਵੱਖ-ਵੱਖ ਤਰੀਕਿਆਂ ਨਾਲ ਸਮਝਦੇ ਹਨ, ਆਸਟ੍ਰੇਲੀਆ ਅਤੇ ਦੁਨੀਆ ਭਰ ਵਿਚ ਇਸ ਦੀਆਂ ਬਹੁਤ ਸਾਰੀਆਂ ਵੱਖ-ਵੱਖ ਪਰਿਭਾਸ਼ਾਵਾਂ ਹਨ। ਦੁਨੀਆ ਭਰ ਦੇ ਕੁਝ ਸਥਾਨ ਅਪੰਗਤਾ ਸ਼ਬਦ ਨੂੰ ਬਿਲਕੁਲ ਪਰਿਭਾਸ਼ਿਤ ਨਹੀਂ ਕਰਦੇ, ਅਤੇ ਇਸ ਦੀ ਬਜਾਏ ਅਪੰਗਤਾ ਨੂੰ ਮਨੁੱਖੀ ਵਿਭਿੰਨਤਾ ਦੇ ਹਿੱਸੇ ਵਜੋਂ ਵੇਖਦੇ ਹਨ, ਜਿੱਥੇ ਹਰ ਕਿਸੇ ਦੀਆਂ ਵੱਖੋ ਵੱਖਰੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਅਤੇ ਇਸ ਲਈ, ਵੱਖੋ ਵੱਖਰੀਆਂ ਜ਼ਰੂਰਤਾਂ ਹੁੰਦੀਆਂ ਹਨ। ਇਹ ਵਿਚਾਰ ਮਾਨਤਾ ਦਿੰਦਾ ਹੈ ਕਿ ਅਪੰਗਤਾ ਵਾਲੇ ਲੋਕ ਲੋਕਾਂ ਦਾ ਇਕ ਸਮੂਹ ਨਹੀਂ ਹਨ ਅਤੇ ਇੱਕ ਵਧੇਰੇ ਸਮਾਵੇਸ਼ੀ ਪਹੁੰਚ ਨੂੰ ਉਤਸ਼ਾਹਤ ਕਰਦੇ ਹਨ ਜੋ ਕਿਸੇ ਵਿਅਕਤੀ ਦੇ ਹੋਰ ਗੁਣਾਂ ਜਿਵੇਂ ਕਿ ਸਭਿਆਚਾਰ, ਭਾਸ਼ਾ, ਲਿੰਗ, ਸਮਾਜਿਕ-ਆਰਥਿਕ ਸਥਿਤੀ, ਜਿਨਸੀ ਰੁਝਾਨ 'ਤੇ ਵੀ ਵਿਚਾਰ ਕਰਦਾ ਹੈ, ਜੋ ਕਿਸੇ ਵਿਅਕਤੀ ਦੇ ਤਜ਼ਰਬਿਆਂ ਅਤੇ ਲੋੜਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ।

CRPD 'ਡਾਕਟਰੀ ਮਾਡਲ' ਪਹੁੰਚ ਨਾਲ ਸਹਿਮਤ ਨਹੀਂ ਹੈ ਅਤੇ ਸਰੀਰਕ, ਮਾਨਸਿਕ ਜਾਂ ਸੰਵੇਦਨਸ਼ੀਲ ਅੰਤਰਾਂ ਨੂੰ ਮਨੁੱਖੀ ਵਿਭਿੰਨਤਾ ਦੇ ਹਿੱਸੇ ਵਜੋਂ ਵੇਖਦਾ ਹੈ। ਇਹ ਅਪੰਗਤਾ ਦੇ ਤਜ਼ਰਬੇ ਨੂੰ ਅਜਿਹੀ ਚੀਜ਼ ਵਜੋਂ ਵੇਖਦਾ ਹੈ ਜੋ ਉਦੋਂ ਵਾਪਰਦੀ ਹੈ ਜਦੋਂ ਕਮਜ਼ੋਰੀ ਵਾਲੇ ਲੋਕ ਰਵੱਈਏ ਅਤੇ ਵਾਤਾਵਰਣ ਦਾ ਸਾਹਮਣਾ ਕਰਦੇ ਹਨ ਜੋ ਉਨ੍ਹਾਂ ਨੂੰ ਹਰ ਕਿਸੇ ਵਾਂਗ ਸਮਾਜ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ ਤੋਂ ਰੋਕਦੇ ਹਨ। CRPD ਦੇ ਅਧੀਨ, ਅਪੰਗਤਾ ਅਤੇ ਕਮਜ਼ੋਰੀ ਇਕੋ ਚੀਜ਼ ਨਹੀਂ ਹੈ।

2022 ਵਿੱਚ, WA ਦੇ ਕਾਨੂੰਨ ਸੁਧਾਰ ਕਮਿਸ਼ਨ ਨੇ ਸਿਫਾਰਸ਼ ਕੀਤੀ ਕਿ *ਬਰਾਬਰ ਮੌਕਾ ਕਾਨੂੰਨ, 1984* (WA) ਨੂੰ 'ਕਮਜ਼ੋਰੀ' ਦੀ ਬਜਾਏ 'ਅਪੰਗਤਾ' ਸ਼ਬਦ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਇਸ ਨੂੰ DDA ਪਰਿਭਾਸ਼ਾ ਵਾਂਗ ਪਰਿਭਾਸ਼ਿਤ ਕਰਨਾ ਚਾਹੀਦਾ ਹੈ। ਹਾਲਾਂਕਿ DDA ਪਰਿਭਾਸ਼ਾ SE ਕਾਨੂੰਨ ਦੀ ਪਰਿਭਾਸ਼ਾ ਨਾਲੋਂ ਵਿਸ਼ਾਲ ਹੈ, ਫਿਰ ਵੀ ਦੋਵੇਂ 'ਡਾਕਟਰੀ ਮਾਡਲ' ਪਹੁੰਚ ਦੀ ਪਾਲਣਾ ਕਰਦੇ ਹਨ ਅਤੇ ਨਾ ਹੀ CRPD ਨਾਲ ਚੰਗੀ ਤਰ੍ਹਾਂ ਜੁੜੇ ਹੋਏ ਹਨ।

**ਸਵਾਲ**

3. ਕੀ SE ਕਾਨੂੰਨ ਵਿੱਚ ਅਪੰਗਤਾ ਦੀ ਪਰਿਭਾਸ਼ਾ ਨੂੰ ਪਹੁੰਚ ਅਤੇ ਸ਼ਮੂਲੀਅਤ ਵਿੱਚ ਸੁਧਾਰ ਕਰਨ ਲਈ ਬਦਲਿਆ ਜਾਣਾ ਚਾਹੀਦਾ ਹੈ? ਜੇ ਹਾਂ, ਤਾਂ ਕਿਵੇਂ?

**ਸੋਚਣ ਵਾਲੀਆਂ ਚੀਜ਼ਾਂ**

- SE ਕਾਨੂੰਨ ਦੀ ਧਾਰਾ 4 ਵਿੱਚ ਅਪੰਗਤਾ ਦੀ ਪਰਿਭਾਸ਼ਾ ਵੇਖੋ।
- ਕੀ ਤੁਸੀਂ ਸੋਚਦੇ ਹੋ ਕਿ SE ਕਾਨੂੰਨ ਦੀ ਅਪੰਗਤਾ ਦੀ ਪਰਿਭਾਸ਼ਾ ਨੂੰ CRPD ਨਾਲ ਬਿਹਤਰ ਮੇਲ ਕਰਨ ਲਈ ਬਦਲਿਆ ਜਾਣਾ ਚਾਹੀਦਾ ਹੈ? ਜਾਂ DDA ਨਾਲ ਮੇਲ ਕਰਨ ਲਈ?
- ਕੀ ਤੁਸੀਂ ਸੋਚਦੇ ਹੋ ਕਿ SE ਕਾਨੂੰਨ ਨੂੰ ਅਪੰਗਤਾ ਦੀ ਪਰਿਭਾਸ਼ਾ ਦੀ ਵੀ ਲੋੜ ਹੈ? ਕੀ ਇਹ ਸਿਰਫ ਵਿਭਿੰਨਤਾ 'ਤੇ ਧਿਆਨ ਕੇਂਦ੍ਰਿਤ ਕਰ ਸਕਦਾ ਹੈ ਅਤੇ ਅਪੰਗਤਾ ਨੂੰ ਨਿਰਧਾਰਤ ਕਰਨ ਦੀ ਜ਼ਰੂਰਤ ਤੋਂ ਬਿਨਾਂ ਵਿਦਿਆਰਥੀ ਦੇ ਮੱਤਭੇਦਾਂ ਅਤੇ ਜ਼ਰੂਰਤਾਂ ਦਾ ਜਵਾਬ ਦੇ ਸਕਦਾ ਹੈ?

**ਮੁੱਖ ਹਵਾਲੇ:**

- CRPD - ਵੇਖੋ ਆਰਟੀਕਲ 1
- ਪੁਰਤਗਾਲ ਦਾ ਫ਼ਰਮਾਨ-ਕਾਨੂੰਨ ਨੰਬਰ 54/2018
- *ਸਿੱਖਿਆ ਕਾਨੂੰਨ 1997* (ਨਿਊ ਬਰੂੰਜ਼ਵਿਕ, ਕੈਨੇਡਾ)
- WA ਪ੍ਰੋਜੈਕਟ 111 ਦੀ ਅੰਤਮ ਰਿਪੋਰਟ ਦਾ ਕਾਨੂੰਨ ਸੁਧਾਰ ਕਮਿਸ਼ਨ - ਸਿਫਾਰਸ਼ 2 ਵੇਖੋ

# 2. ਸ਼ੁਰੂ ਕਰਨਾ

## ਦਾਖ਼ਲਾ

### SE ਕਾਨੂੰਨ ਵਿੱਚ ਕੀ ਹੈ

SE ਕਾਨੂੰਨ ਦੀ ਧਾਰਾ 78 ਦੇ ਅਧੀਨ, ਕਿਸੇ ਬੱਚੇ ਦਾ ਆਪਣੇ ਸਥਾਨਕ ਸਰਕਾਰੀ ਸਕੂਲ ਵਿੱਚ ਦਾਖ਼ਲਾ ਲੈਣ ਦਾ ਅਧਿਕਾਰ 2 ਚੀਜ਼ਾਂ ਦੁਆਰਾ ਸੀਮਤ ਹੈ:

1) ਬੱਚਾ ਸਥਾਨਕ ਦਾਖ਼ਲੇ ਵਾਲੇ/ਇਸ ਅਧੀਨ ਆਉਂਦੇ ਖੇਤਰ ਦੇ ਅੰਦਰ ਰਹਿੰਦਾ ਹੈ; ਅਤੇ
2) ਸਕੂਲ ਵਿੱਚ ਉਚਿਤ ਵਿਦਿਅਕ ਪ੍ਰੋਗਰਾਮ ਹੈ।

'ਉਚਿਤ ਵਿਦਿਅਕ ਪ੍ਰੋਗਰਾਮ' ਦੀ ਵਰਤੋਂ ਕਈ ਵਾਰ ਇਹ ਫ਼ੈਸਲਾ ਕਰਨ ਲਈ ਕੀਤੀ ਜਾਂਦੀ ਹੈ ਕਿ ਕੀ ਅਪੰਗਤਾ ਵਾਲਾ ਬੱਚਾ ਆਪਣੇ ਸਥਾਨਕ ਸਰਕਾਰੀ ਸਕੂਲ ਵਿੱਚ ਦਾਖ਼ਲਾ ਲੈ ਸਕਦਾ ਹੈ। ਇਸ ਦਾ ਮਤਲਬ ਇਹ ਹੈ ਕਿ ਕਿਸੇ ਬੱਚੇ ਦੀ ਅਪੰਗਤਾ ਦੇ ਅਧਾਰ ਤੇ ਦਾਖ਼ਲਾ ਸੀਮਤ ਹੋ ਸਕਦਾ ਹੈ।

WA ਆਸਟ੍ਰੇਲੀਆ ਦਾ ਇਕਲੌਤਾ ਰਾਜ/ਕੇਂਦਰੀ ਪ੍ਰਦੇਸ਼ ਹੈ ਜਿੱਥੇ ਕਾਨੂੰਨ ਸਥਾਨਕ ਸਰਕਾਰੀ ਸਕੂਲ ਵਿਚ ਦਾਖ਼ਲੇ ਨੂੰ ਇਸ ਆਧਾਰ 'ਤੇ ਸੀਮਤ ਕਰਦਾ ਹੈ ਕਿ ਉਥੇ 'ਉਚਿਤ ਵਿਦਿਅਕ ਪ੍ਰੋਗਰਾਮ' ਉਪਲਬਧ ਹੈ ਜਾਂ ਨਹੀਂ।

### ਹੋਰ ਸਰੋਤ ਕੀ ਕਹਿੰਦੇ ਹਨ

CRPD ਸਪੱਸ਼ਟ ਤੌਰ 'ਤੇ ਕਹਿੰਦਾ ਹੈ ਕਿ ਅਪੰਗਤਾ ਵਾਲੇ ਬੱਚਿਆਂ ਨੂੰ ਅਪੰਗਤਾ ਦੇ ਅਧਾਰ 'ਤੇ ਆਮ ਸਿੱਖਿਆ ਪ੍ਰਣਾਲੀ ਤੋਂ ਬਾਹਰ ਨਹੀਂ ਰੱਖਿਆ ਜਾਣਾ ਚਾਹੀਦਾ। ਉਨ੍ਹਾਂ ਨੂੰ ਉਨ੍ਹਾਂ ਭਾਈਚਾਰਿਆਂ ਦੇ ਸਕੂਲਾਂ ਤੱਕ ਪਹੁੰਚ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਜਿਨ੍ਹਾਂ ਖੇਤਰਾਂ ਵਿੱਚ ਉਹ ਰਹਿੰਦੇ ਹਨ, ਅਤੇ ਇਹ ਸਕੂਲ ਸ਼ਾਮਲ ਹੋਣੇ ਚਾਹੀਦੇ ਹਨ।

4 ਹੋਰ ਮਨੁੱਖੀ ਅਧਿਕਾਰ ਦਸਤਾਵੇਜ਼ ਹਨ ਜੋ ਦਾਖ਼ਲੇ ਨਾਲ ਸੰਬੰਧਿਤ ਹਨ ਕਿਉਂਕਿ ਉਹ ਕਹਿੰਦੇ ਹਨ ਕਿ ਸਾਰੇ ਲੋਕਾਂ ਨੂੰ ਆਪਣੇ ਸਭਿਆਚਾਰ, ਧਰਮ ਅਤੇ ਭਾਸ਼ਾ ਦੀ ਰੱਖਿਆ ਅਤੇ ਅਭਿਆਸ ਕਰਨ ਦਾ ਅਧਿਕਾਰ ਹੈ। ਇਸ ਦਾ ਮਤਲਬ ਇਹ ਵੀ ਹੈ ਕਿ ਬੱਚਿਆਂ ਨੂੰ ਉਨ੍ਹਾਂ ਸਕੂਲਾਂ ਵਿੱਚ ਦਾਖ਼ਲਾ ਲੈਣ ਦੇ ਯੋਗ ਹੋਣਾ ਚਾਹੀਦਾ ਹੈ ਜੋ ਉਨ੍ਹਾਂ ਦੀ ਭਾਸ਼ਾ, ਵਿਸ਼ਵਾਸਾਂ ਅਤੇ ਸਭਿਆਚਾਰ ਵਿੱਚ ਸਿੱਖਿਆ ਪ੍ਰਦਾਨ ਕਰਦੇ ਹਨ।

DDA ਅਤੇ WA ਦੇ *ਬਰਾਬਰ ਮੌਕੇ ਕਾਨੂੰਨ 1984* (WA) ਦਾ ਕਹਿਣਾ ਹੈ ਕਿ ਸਕੂਲਾਂ ਲਈ ਦਾਖ਼ਲਾ ਦੇਣ ਤੋਂ ਇਨਕਾਰ ਕਰਨਾ ਜਾਂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਅਪੰਗਤਾ ਕਾਰਨ ਲਾਭ ਸੀਮਤ ਕਰਨਾ ਗੈਰਕਾਨੂੰਨੀ ਹੈ। 2022 ਵਿੱਚ, WA ਦੇ ਕਾਨੂੰਨ ਸੁਧਾਰ ਕਮਿਸ਼ਨ ਨੇ *ਬਰਾਬਰ ਮੌਕੇ ਕਾਨੂੰਨ 1984* (WA) ਨੂੰ ਬਦਲਣ ਦਾ ਸੁਝਾਅ ਦਿੱਤਾ ਤਾਂ ਜੋ ਇਹ ਸਪੱਸ਼ਟ ਕੀਤਾ ਜਾ ਸਕੇ ਕਿ ਵਿਦਿਆਰਥੀ ਅਰਜ਼ੀਆਂ ਦਾ ਮੁਲਾਂਕਣ ਅਤੇ ਚੋਣ ਕਰਦੇ ਸਮੇਂ ਭੇਦਭਾਵ ਕਰਨਾ ਵੀ ਗੈਰਕਾਨੂੰਨੀ ਹੈ।

ਅਪੰਗਤਾ ਰਾਇਲ ਕਮਿਸ਼ਨ ਨੇ ਸਿਫਾਰਸ਼ ਕੀਤੀ ਕਿ ਸਾਰੇ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਨੂੰ ਆਪਣੇ ਕਾਨੂੰਨਾਂ ਨੂੰ ਬਦਲਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਪੰਗਤਾ ਵਾਲੇ ਵਿਦਿਆਰਥੀਆਂ ਨੂੰ ਆਪਣੇ ਸਥਾਨਕ ਮੁੱਖ ਧਾਰਾ ਦੇ ਸਕੂਲ ਵਿੱਚ ਦਾਖ਼ਲਾ ਲੈਣ ਦਾ ਅਧਿਕਾਰ ਹੋਵੇ। DDA ਵਿੱਚ ਵਰਣਨ ਕੀਤੇ ਅਨੁਸਾਰ, ਸਕੂਲ ਵਿੱਚ ਦਾਖ਼ਲੇ ਤੋਂ ਇਨਕਾਰ ਕਰਨ ਦਾ ਇੱਕੋ ਇਕ ਕਾਰਨ ਇਹ ਹੈ ਕਿ ਇਸ ਨਾਲ "ਅਣਉਚਿਤ ਮੁਸ਼ਕਿਲਾਂ" ਪੈਦਾ ਹੁੰਦੀਆਂ ਹਨ।

**ਸਵਾਲ**

4. ਕੀ SE ਕਾਨੂੰਨ ਨੂੰ ਬਦਲਣਾ ਚਾਹੀਦਾ ਹੈ ਤਾਂ ਜੋ ਅਪੰਗਤਾ ਵਾਲੇ ਵਿਦਿਆਰਥੀਆਂ ਨੂੰ ਆਪਣੇ ਸਥਾਨਕ ਸਰਕਾਰੀ ਸਕੂਲ ਵਿੱਚ ਦਾਖ਼ਲਾ ਲੈਣ ਦਾ ਸਪੱਸ਼ਟ ਅਧਿਕਾਰ ਹੋਵੇ?

**ਸੋਚਣ ਵਾਲੀਆਂ ਚੀਜ਼ਾਂ**

- SE ਕਾਨੂੰਨ ਦੀ ਧਾਰਾ 78 ਨੂੰ ਵੇਖੋ।
- ਕੀ ਤੁਸੀਂ ਸੋਚਦੇ ਹੋ ਕਿ ਦਾਖ਼ਲੇ ਦੀਆਂ ਸੀਮਾਵਾਂ ਪਹੁੰਚ ਅਤੇ ਸ਼ਮੂਲੀਅਤ ਵਿੱਚ ਰੁਕਾਵਟਾਂ ਹਨ?
- ਕੀ ਤੁਸੀਂ ਸੋਚਦੇ ਹੋ ਕਿ ਅਪੰਗਤਾ ਵਾਲੇ ਬੱਚਿਆਂ ਨੂੰ ਵੀ ਕਿਸੇ ਗੈਰ-ਸਰਕਾਰੀ ਸਕੂਲ ਵਿੱਚ ਦਾਖ਼ਲਾ ਲੈਣ ਦੇ ਯੋਗ ਹੋਣ ਦਾ ਅਧਿਕਾਰ ਹੋਣਾ ਚਾਹੀਦਾ ਹੈ ਜੋ ਉਨ੍ਹਾਂ ਦੇ ਵਿਸ਼ਵਾਸਾਂ, ਧਰਮ ਜਾਂ ਭਾਸ਼ਾ ਨੂੰ ਦਰਸਾਉਂਦਾ ਹੈ?

**ਮੁੱਖ ਹਵਾਲੇ**:

- CRPD - ਵੇਖੋ ਆਰਟੀਕਲ 24 ਅਤੇ ਆਮ ਟਿੱਪਣੀ 4
- LRCWA ਪ੍ਰੋਜੈਕਟ 111 ਅੰਤਿਮ ਰਿਪੋਰਟ - ਵੇਖੋ ਸਿਫਾਰਸ਼ 58
- ਅਪਾਹਜ ਲੋਕਾਂ ਦੀ ਹਿੰਸਾ, ਦੁਰਵਿਵਹਾਰ, ਅਣਗਹਿਲੀ ਅਤੇ ਸ਼ੋਸ਼ਣ ਬਾਰੇ ਰਾਇਲ ਕਮਿਸ਼ਨ ਦੀ ਅੰਤਿਮ ਰਿਪੋਰਟ - ਵੇਖੋ ਸਿਫਾਰਸ਼ 7.1
- ਰਾਸ਼ਟਰੀ ਜਾਂ ਨਸਲੀ, ਧਾਰਮਿਕ ਅਤੇ ਭਾਸ਼ਾਈ ਘੱਟ ਗਿਣਤੀਆਂ ਨਾਲ ਸਬੰਧਤ ਵਿਅਕਤੀਆਂ ਦੇ ਅਧਿਕਾਰਾਂ ਬਾਰੇ ਘੋਸ਼ਣਾ - ਵੇਖੋ ਆਰਟੀਕਲ 2 ਅਤੇ 4
- ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਅਧਿਕਾਰਾਂ ਬਾਰੇ ਅੰਤਰਰਾਸ਼ਟਰੀ ਸਮਝੌਤਾ - ਵੇਖੋ ਆਰਟੀਕਲ 13
- ਸਿਵਲ ਅਤੇ ਰਾਜਨੀਤਿਕ ਅਧਿਕਾਰਾਂ ਬਾਰੇ ਅੰਤਰਰਾਸ਼ਟਰੀ ਸਮਝੌਤਾ - ਵੇਖੋ ਆਰਟੀਕਲ 18
- ਸਵਦੇਸ਼ੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਘੋਸ਼ਣਾ - ਵੇਖੋ ਆਰਟੀਕਲ 14

## ਸ਼ਮੂਲੀਅਤ ਲਈ ਵਿਕਲਪ

### SE ਕਾਨੂੰਨ ਵਿੱਚ ਕੀ ਹੈ

SE ਕਾਨੂੰਨ ਕਹਿੰਦਾ ਹੈ ਕਿ ਹਰੇਕ ਬੱਚੇ ਨੂੰ ਆਪਣੀ ਲਾਜ਼ਮੀ ਸਿੱਖਿਆ ਦੀ ਮਿਆਦ ਦੇ ਹਰ ਸਾਲ ਲਈ ਕਿਸੇ ਨਾ ਕਿਸੇ ਕਿਸਮ ਦੇ ਵਿਦਿਅਕ ਪ੍ਰੋਗਰਾਮ ਵਿੱਚ ਦਾਖ਼ਲ ਹੋਣਾ ਚਾਹੀਦਾ ਹੈ। ਇਹ ਕਿਸੇ ਸਕੂਲ, ਘਰੇਲੂ ਸਿੱਖਿਆ, ਜਾਂ, ਲਾਜ਼ਮੀ ਸਿੱਖਿਆ ਦੇ ਅੰਤਿਮ ਸਾਲਾਂ ਵਿੱਚ, ਅਪ੍ਰੈਂਟਿਸਸ਼ਿਪ, ਉੱਚ ਸਿੱਖਿਆ, VET ਕੋਰਸ, ਜਾਂ ਮਨਜ਼ੂਰਸ਼ੁਦਾ ਰੁਜ਼ਗਾਰ ਕਰਕੇ ਦਾਖ਼ਲਾ ਲੈ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਹਾਲਾਂਕਿ, SE ਕਾਨੂੰਨ ਕਿਸੇ ਬੱਚੇ ਨੂੰ ਇੱਕੋ ਸਮੇਂ

ਘਰੇਲੂ ਸਿੱਖਿਆ ਅਤੇ ਸਕੂਲ ਦੋਵਾਂ ਵਿੱਚ ਦਾਖ਼ਲ ਹੋਣ ਜਾਂ ਪਾਰਟ-ਟਾਈਮ ਦਾਖ਼ਲ ਹੋਣ ਦੀ ਆਗਿਆ ਨਹੀਂ ਦਿੰਦਾ।

SE ਕਾਨੂੰਨ ਦੀ ਧਾਰਾ 23 ਕਹਿੰਦੀ ਹੈ ਕਿ ਸਕੂਲ ਵਿੱਚ ਹਾਜ਼ਰੀ ਪੂਰੇ ਸਮੇਂ ਲਈ ਹੋਣੀ ਚਾਹੀਦੀ ਹੈ ਜਦੋਂ ਤੱਕ ਪ੍ਰਿੰਸੀਪਲ ਅਤੇ ਮਾਪੇ ਧਾਰਾ 24 ਦੇ ਅਧੀਨ ਕੋਈ ਵਿਸ਼ੇਸ਼ ਪ੍ਰਬੰਧ ਨਹੀਂ ਕਰਦੇ। ਇਹ ਪੂਰੇ ਸਮੇਂ ਦੀ ਲੋੜ ਉਨ੍ਹਾਂ ਵਿਦਿਆਰਥੀਆਂ 'ਤੇ ਵੀ ਲਾਗੂ ਹੁੰਦੀ ਹੈ ਜੋ ਆਪਣੇ ਆਖਰੀ ਸਾਲਾਂ ਵਿੱਚ ਅਪ੍ਰੈਂਟਿਸਸ਼ਿਪ ਜਾਂ ਉੱਚ ਸਿੱਖਿਆ ਕਰਨ ਦੀ ਚੋਣ ਕਰਦੇ ਹਨ।

## ਹੋਰ ਸਰੋਤ ਕੀ ਕਹਿੰਦੇ ਹਨ

ਅਪੰਗਤਾ ਵਾਲੇ ਵਿਦਿਆਰਥੀਆਂ ਲਈ ਲਚਕਦਾਰ ਸਿੱਖਣ ਦੇ ਵਿਕਲਪਾਂ ਦਾ ਵਿਚਾਰ ਗੁੰਝਲਦਾਰ ਹੈ। ਬਹੁਤ ਸਾਰੀਆਂ ਰਿਪੋਰਟਾਂ ਅਤੇ ਜਾਂਚ-ਪੜਤਾਲਾਂ ਲਚਕਦਾਰ ਸਿੱਖਣ ਦੇ ਪ੍ਰਬੰਧਾਂ ਦੀ ਜ਼ਰੂਰਤ ਨੂੰ ਉਜਾਗਰ ਕਰਦੀਆਂ ਹਨ।

ਮਾਰਚ 2024 ਵਿੱਚ, WA ਸੰਸਦ ਦੀ ਸਿੱਖਿਆ ਅਤੇ ਸਿਹਤ ਸਥਾਈ ਕਮੇਟੀ ਨੇ *ਇਕ ਵੱਖਰੀ ਕਿਸਮ ਦੀ ਪ੍ਰਤਿਭਾ: ਸਕੂਲਾਂ ਵਿੱਚ ਔਟਿਸਟਿਕ ਬੱਚਿਆਂ ਅਤੇ ਨੌਜਵਾਨਾਂ ਲਈ ਸਹਾਇਤਾ ਦੀ ਜਾਂਚ ਦੀ ਰਿਪੋਰਟ* ਨਾਮਕ ਰਿਪੋਰਟ ਜਾਰੀ ਕੀਤੀ ਸੀ। ਜਾਂਚ ਵਿੱਚ ਪਾਇਆ ਗਿਆ ਕਿ ਔਟਿਸਟਿਕ ਵਿਦਿਆਰਥੀਆਂ ਲਈ ਲਚਕਦਾਰ ਪ੍ਰਬੰਧ ਉਨ੍ਹਾਂ ਨੂੰ ਸਿੱਖਿਆ ਵਿੱਚ ਰੁੱਝੇ ਰਹਿਣ ਵਿੱਚ ਮਦਦ ਕਰ ਸਕਦੇ ਹਨ। ਹਾਲਾਂਕਿ, ਬਹੁਤ ਸਾਰੇ ਸਕੂਲ ਜਾਂ ਤਾਂ ਇਨ੍ਹਾਂ ਪ੍ਰਬੰਧਾਂ 'ਤੇ ਵਿਚਾਰ ਕਰਨ ਲਈ ਤਿਆਰ ਨਹੀਂ ਹਨ ਜਾਂ ਉਨ੍ਹਾਂ ਨੂੰ ਮਨਜ਼ੂਰੀ ਦੇਣ ਦੇ ਆਪਣੇ ਅਧਿਕਾਰ ਬਾਰੇ ਅਨਿਸ਼ਚਿਤ ਹਨ। ਰਿਪੋਰਟ ਵਿੱਚ ਸਕੂਲਾਂ ਨੂੰ ਔਟਿਸਟਿਕ ਵਿਦਿਆਰਥੀਆਂ ਲਈ ਲਚਕਦਾਰ ਹਾਜ਼ਰੀ ਅਤੇ ਵਿਸ਼ੇ ਦੇ ਭਾਰ ਨੂੰ ਮਨਜ਼ੂਰੀ ਦੇਣ ਬਾਰੇ ਸਪੱਸ਼ਟ ਦਿਸ਼ਾ ਨਿਰਦੇਸ਼ ਪ੍ਰਦਾਨ ਕਰਨ ਦੀ ਸਿਫਾਰਸ਼ ਕੀਤੀ ਗਈ ਹੈ ਜਿਨ੍ਹਾਂ ਨੂੰ ਉਨ੍ਹਾਂ ਦੀ ਜ਼ਰੂਰਤ ਹੈ।

ਅਗਸਤ 2023 ਵਿੱਚ, ਆਸਟ੍ਰੇਲੀਆ ਦੀ ਸੰਸਦ ਦੀ ਸਿੱਖਿਆ ਅਤੇ ਰੁਜ਼ਗਾਰ ਹਵਾਲਾ ਕਮੇਟੀ ਨੇ *ਸਕੂਲ ਤੋਂ ਇਨਕਾਰ ਕਰਨ ਅਤੇ ਸਬੰਧਿਤ ਮੁੱਦਿਆਂ ਦਾ ਰਾਸ਼ਟਰੀ ਰੁਝਾਨ* ਨਾਮਕ ਇੱਕ ਰਿਪੋਰਟ ਜਾਰੀ ਕੀਤੀ। ਰਿਪੋਰਟ ਵਿਚ ਲੱਭਿਆ ਗਿਆ ਹੈ ਕਿ ਸਕੂਲ ਤੋਂ ਇਨਕਾਰ, ਜਿਸ ਨੂੰ "ਸਕੂਲ ਨਹੀਂ ਜਾ ਸਕਦਾ" ਵੀ ਕਿਹਾ ਜਾਂਦਾ ਹੈ, ਅਪਾਹਜ ਵਿਦਿਆਰਥੀਆਂ ਵਿੱਚ ਸਭ ਤੋਂ ਵੱਧ ਆਮ ਹੈ। ਕਮੇਟੀ ਨੇ ਸਿਫਾਰਸ਼ ਕੀਤੀ ਕਿ ਰਾਜ ਅਤੇ ਕੇਂਦਰੀ ਪ੍ਰਦੇਸ਼ ਸਿੱਖਿਆ ਅਥਾਰਟੀਆਂ ਅਤੇ ਗੈਰ-ਸਰਕਾਰੀ ਸਕੂਲ ਸਿੱਖਿਆ ਨੂੰ ਵਧੇਰੇ ਲਚਕਦਾਰ ਬਣਾਉਣ ਦੇ ਤਰੀਕੇ ਲੱਭਣ। ਸਿਫਾਰਸ਼ਾਂ ਵਿੱਚ ਮੁੱਖ ਧਾਰਾ ਦੇ ਸਕੂਲਾਂ ਨੂੰ ਵਧੇਰੇ ਅਨੁਕੂਲ ਬਣਾਉਣਾ ਅਤੇ ਸਕੂਲ ਤੋਂ ਇਨਕਾਰ ਕਰਨ ਵਾਲੇ ਵਿਦਿਆਰਥੀਆਂ ਲਈ ਦੂਰੋਂ ਬੈਠ ਕੇ ਸਿੱਖਿਆ ਅਤੇ ਘਰੇਲੂ ਸਕੂਲੀ ਸਿੱਖਿਆ ਤੱਕ ਪਹੁੰਚ ਕਰਨਾ ਆਸਾਨ ਬਣਾਉਣਾ ਸ਼ਾਮਲ ਸੀ।

ਪੁਰਤਗਾਲ ਅਤੇ ਇਟਲੀ ਦੋਵਾਂ ਵਿੱਚ ਕਾਨੂੰਨ ਹਨ ਜੋ ਅਪੰਗਤਾ ਵਾਲੇ ਵਿਦਿਆਰਥੀਆਂ ਲਈ ਵਿਅਕਤੀਗਤ ਸਿੱਖਿਆ ਯੋਜਨਾਵਾਂ ਦੇ ਹਿੱਸੇ ਵਜੋਂ ਅਨੁਕੂਲਤਾ ਦੇ ਇਕ ਰੂਪ ਵਜੋਂ ਸਮਾਂ-ਸਾਰਣੀ ਬਣਾਉਣ ਦੀ ਆਗਿਆ ਦਿੰਦੇ ਹਨ। ਇਹ ਤਬਦੀਲੀਆਂ ਸਿਰਫ ਨਿਰਧਾਰਤ ਮਿਆਦਾਂ ਲਈ ਹਨ ਅਤੇ ਲਾਜ਼ਮੀ ਸਮੀਖਿਆ ਅਤੇ ਨਿਗਰਾਨੀ ਅਧੀਨ ਹਨ।

ਇਹ ਚੇਤੇ ਰੱਖਣਾ ਮਹੱਤਵਪੂਰਨ ਹੈ ਕਿ ਹਾਲਾਂਕਿ ਲਚਕਤਾ ਮਦਦਗਾਰ ਹੋ ਸਕਦੀ ਹੈ, ਇਹ ਖ਼ਤਰਾ ਭਰਪੂਰ ਵੀ ਹੋ ਸਕਦੀ ਹੈ। ਵਧੇਰੇ ਗੁੰਝਲਦਾਰ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਦੇ ਮਾਪਿਆਂ ਨੂੰ ਸਕੂਲ ਲਈ ਚੀਜ਼ਾਂ ਨੂੰ ਸੌਖਾ ਬਣਾਉਣ ਲਈ ਆਪਣੇ ਬੱਚੇ ਨੂੰ ਸਕੂਲ ਵਿੱਚ ਘੱਟ ਸਮਾਂ ਬਿਤਾਉਣ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਇਸ

ਨੂੰ ਨਿਰਉਤਸ਼ਾਹਿਤ ਕਰਨ ਲਈ, ਨਿਊਜ਼ੀਲੈਂਡ ਦੇ ਕਾਨੂੰਨ ਨਿਰਧਾਰਤ ਕਰਦੇ ਹਨ ਕਿ ਸਾਰੇ ਵਿਦਿਆਰਥੀਆਂ ਨੂੰ ਸਾਰੇ ਘੰਟਿਆਂ ਲਈ ਸਕੂਲ ਜਾਣ ਦਾ ਅਧਿਕਾਰ ਹੈ ਜਿੰਨ੍ਹੀ ਦੇਰ ਲਈ ਇਹ ਖੁੱਲ੍ਹੇ ਹਨ।

**ਸਵਾਲ**

5. ਵਿਦਿਆਰਥੀ ਸਿੱਖਿਆ ਵਿੱਚ ਕਿਵੇਂ ਸ਼ਾਮਲ ਹੁੰਦੇ ਹਨ, ਕੀ SE ਕਾਨੂੰਨ ਨੂੰ ਇਸ ਵਿੱਚ ਵਧੇਰੇ ਲਚਕਤਾ ਪ੍ਰਦਾਨ ਕਰਨੀ ਚਾਹੀਦੀ ਹੈ? ਜੇ ਹਾਂ, ਤਾਂ ਇਹ ਕਿਸ ਤਰ੍ਹਾਂ ਦਿਖਾਈ ਦੇਣਾ ਚਾਹੀਦਾ ਹੈ?

**ਸੋਚਣ ਵਾਲੀਆਂ ਚੀਜ਼ਾਂ**

- SE ਕਾਨੂੰਨ ਦੀਆਂ ਧਾਰਾਵਾਂ 9, 10, 11ਬੀ, 23 ਅਤੇ 24 ਨੂੰ ਵੇਖੋ - ਕੀ ਉਨ੍ਹਾਂ ਨੂੰ ਪਹੁੰਚ ਅਤੇ ਸ਼ਮੂਲੀਅਤ ਵਿੱਚ ਕੋਈ ਰੁਕਾਵਟਾਂ ਹਨ?
- ਵਧੇਰੇ ਲਚਕਤਾ ਅਪੰਗਤਾ ਵਾਲੇ ਬੱਚਿਆਂ ਲਈ ਪਹੁੰਚ ਅਤੇ ਸ਼ਮੂਲੀਅਤ ਵਿੱਚ ਕਿਵੇਂ ਸੁਧਾਰ ਕਰੇਗੀ?
- ਲਚਕਤਾ ਨਾਲ ਆਉਣ ਵਾਲੇ ਖ਼ਤਰੇ ਕੀ ਹਨ ਅਤੇ ਵਿਦਿਆਰਥੀਆਂ ਨੂੰ ਖ਼ਤਰਿਆਂ ਤੋਂ ਕਿਵੇਂ ਸੁਰੱਖਿਅਤ ਕੀਤਾ ਜਾ ਸਕਦਾ ਹੈ?

**ਮੁੱਖ ਹਵਾਲੇ**:

- WA ਸੰਸਦ ਦੀ ਸਿੱਖਿਆ ਅਤੇ ਸਿਹਤ ਸਥਾਈ ਕਮੇਟੀ ਦੀ ਰਿਪੋਰਟ: *ਇਕ ਵੱਖਰੀ ਕਿਸਮ ਦੀ ਪ੍ਰਤਿਭਾ: ਸਕੂਲਾਂ ਵਿੱਚ ਔਟਿਸਟਿਕ ਬੱਚਿਆਂ ਅਤੇ ਨੌਜਵਾਨਾਂ ਲਈ ਸਹਾਇਤਾ ਦੀ ਜਾਂਚ ਦੀ ਰਿਪੋਰਟ* - ਸਿਫਾਰਸ਼ 14 ਵੇਖੋ
- ਆਸਟ੍ਰੇਲੀਆ ਦੀ ਸੰਸਦ ਦੀ ਸਿੱਖਿਆ ਅਤੇ ਰੁਜ਼ਗਾਰ ਹਵਾਲਾ ਕਮੇਟੀ ਦੀ ਰਿਪੋਰਟ: *ਸਕੂਲ ਤੋਂ ਇਨਕਾਰ ਕਰਨ ਦਾ ਰਾਸ਼ਟਰੀ ਰੁਝਾਨ ਅਤੇ ਸਬੰਧਿਤ ਮੁੱਦੇ* - ਸਿਫਾਰਸ਼ 5 ਵੇਖੋ
- ਪੁਰਤਗਾਲ ਦਾ ਫ਼ਰਮਾਨ-ਕਾਨੂੰਨ ਨੰਬਰ 54/2018 - ਵੇਖੋ ਆਰਟੀਕਲ 18-28
- ਇਟਲੀ ਦਾ ਕਾਨੂੰਨ 104/1992
- *ਸਿੱਖਿਆ ਅਤੇ ਸਿਖਲਾਈ ਕਾਨੂੰਨ 2020* (ਨਿਊਜ਼ੀਲੈਂਡ) - ਵੇਖੋ ਸੈਕਸ਼ਨ 33

# 3. ਸਕੂਲੀ ਜੀਵਨ

## ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ

### SE ਕਾਨੂੰਨ ਵਿੱਚ ਕੀ ਹੈ

SE ਕਾਨੂੰਨ ਵਿੱਚ ਸਿੱਖਿਆ ਵਿੱਚ ਸ਼ਾਮਲ ਵੱਖ-ਵੱਖ ਲੋਕਾਂ ਅਤੇ ਸਮੂਹਾਂ ਲਈ ਵੱਖ-ਵੱਖ ਕੰਮ, ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਸ਼ਾਮਲ ਹਨ। ਇੱਥੇ ਸੰਖੇਪ ਦਿੱਤਾ ਗਿਆ ਹੈ:

#### ਸਿੱਖਿਆ ਮੰਤਰੀ

- ਮੰਤਰੀ ਦੀਆਂ ਸਾਰੇ ਕਾਨੂੰਨ ਦੌਰਾਨ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਹਨ, ਜਿਸ ਵਿੱਚ ਧਾਰਾ 216 ਵਿੱਚ ਪ੍ਰਮੁੱਖ ਸ਼ਕਤੀਆਂ ਅਤੇ SE ਕਾਨੂੰਨ ਦੀ ਧਾਰਾ 11ਐਮ, 54, 55, 153, 159, 168, 201, 222, 223 ਅਤੇ 231 ਵਿੱਚ ਹੋਰ ਪ੍ਰਮੁੱਖ ਉਦਾਹਰਣਾਂ ਸ਼ਾਮਲ ਹਨ

- ਮਹੱਤਵਪੂਰਨ ਭੂਮਿਕਾਵਾਂ ਵਿੱਚ ਸਕੂਲਾਂ ਦੀ ਸਥਾਪਨਾ ਅਤੇ ਬੰਦ ਕਰਨਾ, ਗ਼ੈਰ-ਸਰਕਾਰੀ ਸਕੂਲਾਂ ਲਈ ਮਾਪਦੰਡ ਨਿਰਧਾਰਤ ਕਰਨਾ, ਕੁਝ ਫ਼ੈਸਲਿਆਂ ਦੀ ਸਮੀਖਿਆ ਕਰਨਾ ਅਤੇ ਸਕੂਲਾਂ ਨੂੰ ਕਾਨੂੰਨਾਂ ਤੋਂ ਛੋਟ ਦੇਣਾ ਸ਼ਾਮਲ ਹੈ।

**CEO** (ਸਿੱਖਿਆ ਵਿਭਾਗ ਦੇ ਡਾਇਰੈਕਟਰ ਜਨਰਲ)

- CEO ਦੇ ਮੁੱਖ ਕੰਮਾਂ ਨੂੰ ਧਾਰਾ 61 ਵਿੱਚ ਦਰਸਾਇਆ ਗਿਆ ਹੈ, ਹੋਰ ਪ੍ਰਮੁੱਖ ਉਦਾਹਰਣਾਂ SE ਕਾਨੂੰਨ ਦੀ ਧਾਰਾ 46-53, 83, 84, 85, 94, 158-166, 232 ਅਤੇ 233 ਵਿੱਚ ਹੋਰ ਪ੍ਰਮੁੱਖ ਉਦਾਹਰਣਾਂ ਦੇ ਨਾਲ ਹਨ
- ਮਹੱਤਵਪੂਰਣ ਭੂਮਿਕਾਵਾਂ ਵਿੱਚ ਸਰਕਾਰੀ ਸਕੂਲਾਂ ਵਿੱਚ ਦੇਖਭਾਲ ਅਤੇ ਵਿਦਿਅਕ ਸਿੱਖਿਆ ਦਾ ਮਿਆਰ ਨਿਰਧਾਰਤ ਕਰਨਾ, ਘਰੇਲੂ ਸਿੱਖਿਆ ਦੀ ਨਿਗਰਾਨੀ ਕਰਨਾ, ਕੁਝ ਵਿਸ਼ੇਸ਼ ਹਾਲਾਤਾਂ ਵਿੱਚ ਦਾਖ਼ਲਿਆਂ ਦਾ ਨਿਰਣਾ ਕਰਨਾ ਅਤੇ ਰੱਦ ਕਰਨਾ, ਬਾਹਰ ਕੱਢਣ ਦਾ ਨਿਰਣਾ ਕਰਨਾ ਅਤੇ ਗ਼ੈਰ-ਸਰਕਾਰੀ ਸਕੂਲ ਰਜਿਸਟ੍ਰੇਸ਼ਨਾਂ ਦੀ ਨਿਗਰਾਨੀ ਕਰਨਾ ਸ਼ਾਮਲ ਹੈ।

## ਪ੍ਰਿੰਸੀਪਲ

- ਸਾਰੇ ਪ੍ਰਿੰਸੀਪਲਾਂ ਦੀਆਂ ਮੁੱਖ ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਦਾਖ਼ਲਾ ਪ੍ਰਕਿਰਿਆ ਅਤੇ ਹਾਜ਼ਰੀ ਪ੍ਰਬੰਧਾਂ ਦਾ ਪ੍ਰਬੰਧਨ ਕਰਨਾ ਹਨ (ਵੇਖੋ SE ਕਾਨੂੰਨ ਦੀਆਂ ਧਾਰਾਵਾਂ 19-21, 24, 26, 28)
- ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ ਦੀਆਂ ਜ਼ਿੰਮੇਵਾਰੀਆਂ ਧਾਰਾ 63 ਵਿੱਚ ਦਰਸਾਈਆਂ ਗਈਆਂ ਹਨ ਜਿਸ ਵਿੱਚ ਅਗਵਾਈ ਪ੍ਰਦਾਨ ਕਰਨਾ, ਵਿਦਿਆਰਥੀਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਯਕੀਨੀ ਬਣਾਉਣਾ, ਸਕੂਲ ਯੋਜਨਾਵਾਂ ਬਣਾਉਣ ਲਈ ਸਕੂਲ ਕੌਂਸਿਲ ਅਤੇ ਅਮਲੇ ਨਾਲ ਕੰਮ ਕਰਨਾ, ਨਵੀਨਤਾਕਾਰੀ ਅਧਿਆਪਨ ਨੂੰ ਉਤਸ਼ਾਹਤ ਕਰਨਾ ਅਤੇ ਅਪੰਗਤਾ ਵਾਲੇ ਬੱਚੇ ਲਈ ਵਿਦਿਅਕ ਪ੍ਰੋਗਰਾਮ ਦੀ ਸਮੱਗਰੀ ਅਤੇ ਲਾਗੂ ਕਰਨ ਦਾ ਫ਼ੈਸਲਾ ਕਰਨਾ ਸ਼ਾਮਲ ਹੈ।

## ਸਰਕਾਰੀ ਸਕੂਲਾਂ ਦੇ ਅਧਿਆਪਕ

- ਅਧਿਆਪਕਾਂ ਦੀਆਂ ਭੂਮਿਕਾਵਾਂ SE ਕਾਨੂੰਨ ਦੀ ਧਾਰਾ 64 ਵਿੱਚ ਦਰਸਾਈਆਂ ਗਈਆਂ ਹਨ
- ਉਹ ਪਾਠਕ੍ਰਮ, CEO ਦੇ ਮਿਆਰਾਂ ਅਤੇ ਸਕੂਲ ਦੀ ਯੋਜਨਾ ਦੇ ਅਨੁਸਾਰ ਸਿਖਾਉਣ ਅਤੇ ਨਿਰਦੇਸ਼ ਦੇਣ ਲਈ ਜ਼ਿੰਮੇਵਾਰ ਹਨ।

## ਸਕੂਲ ਕੌਂਸਿਲਾਂ

- ਸਕੂਲ ਕੌਂਸਿਲਾਂ ਦੀਆਂ ਮੁੱਖ ਭੂਮਿਕਾਵਾਂ SE ਕਾਨੂੰਨ ਦੀ ਧਾਰਾ 128 ਵਿੱਚ ਹਨ (ਧਾਰਾ 124, -140 ਵੀ ਵੇਖੋ)
- ਉਹ ਸਕੂਲ ਦੇ ਟੀਚਿਆਂ, ਤਰਜੀਹਾਂ ਅਤੇ ਵਿੱਤ ਦੀ ਯੋਜਨਾ ਬਣਾਉਣ ਅਤੇ ਸਕੂਲ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨ ਵਿੱਚ ਮਦਦ ਕਰਦੀਆਂ ਹਨ।

## ਮਾਪਿਆਂ ਅਤੇ ਨਾਗਰਿਕਾਂ ਦੀਆਂ ਐਸੋਸੀਏਸ਼ਨਾਂ

- ਮਾਪਿਆਂ ਅਤੇ ਨਾਗਰਿਕ ਐਸੋਸੀਏਸ਼ਨਾਂ ਦੀਆਂ ਮੁੱਖ ਭੂਮਿਕਾਵਾਂ SE ਕਾਨੂੰਨ ਦੀ ਧਾਰਾ 143 ਵਿੱਚ ਹਨ (ਧਾਰਾ 141-149 ਵੀ ਵੇਖੋ)

- ਉਹ ਮਾਪਿਆਂ, ਅਧਿਆਪਕਾਂ, ਵਿਦਿਆਰਥੀਆਂ ਅਤੇ ਭਾਈਚਾਰੇ ਵਿਚਕਾਰ ਸਹਿਯੋਗ ਨੂੰ ਉਤਸ਼ਾਹਿਤ ਕਰਕੇ ਅਤੇ ਸਿੱਖਿਆ ਵਿੱਚ ਭਾਈਚਾਰੇ ਦੀ ਦਿਲਚਸਪੀ ਨੂੰ ਉਤਸ਼ਾਹਿਤ ਕਰਕੇ ਸਕੂਲ ਦੇ ਹਿੱਤਾਂ ਨੂੰ ਉਤਸ਼ਾਹਿਤ ਕਰਦੇ ਹਨ।

**ਭਾਈਚਾਰਕ ਕਿੰਡਰਗਾਰਟਨ ਦਾ ਅਧਿਆਪਨ ਅਮਲਾ**

- ਉਨ੍ਹਾਂ ਦੀਆਂ ਭੂਮਿਕਾਵਾਂ SE ਕਾਨੂੰਨ ਦੀ ਧਾਰਾ 205 ਵਿੱਚ ਹਨ
- ਉਹ ਸਿਖਾਉਣ ਅਤੇ ਨਿਰਦੇਸ਼ ਦੇਣ ਨੂੰ ਉਤਸ਼ਾਹਿਤ ਕਰਨ ਲਈ ਜ਼ਿੰਮੇਵਾਰ ਹਨ

SE ਕਾਨੂੰਨ ਇਨ੍ਹਾਂ ਵਿੱਚੋਂ ਕੁਝ ਕੰਮਾਂ ਨੂੰ ਅੱਗੇ ਸੌਂਪਣ ਦੀ ਆਗਿਆ ਦਿੰਦਾ ਹੈ, ਜਿਵੇਂ ਕਿ ਧਾਰਾ 224, 225 ਅਤੇ 230 ਵਿੱਚ ਦਰਸਾਇਆ ਗਿਆ ਹੈ।

SE ਕਾਨੂੰਨ ਦੇ ਕਿਸੇ ਵੀ ਕੰਮਾਂ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਕਰਨ ਜਾਂ ਪਹੁੰਚਯੋਗਤਾ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ। SE ਕਾਨੂੰਨ ਦੇ ਵਿਸਥਾਰ ਵਿੱਚ, ਅਪਾਹਜਤਾ ਵਾਲੇ ਵਿਦਿਆਰਥੀਆਂ ਦੀਆਂ ਜ਼ਰੂਰਤਾਂ 'ਤੇ ਵਿਚਾਰ ਕਰਨ ਲਈ ਪ੍ਰਿੰਸੀਪਲਾਂ ਦੀ ਕੁਝ ਜ਼ਿੰਮੇਵਾਰੀ ਹੈ (ਵੇਖੋ ਧਾਰਾ 73)। ਇਸ ਬਾਰੇ ਵਿਚਾਰ-ਵਟਾਂਦਰਾ ਦਸਤਾਵੇਜ਼ ਦੇ ਅਗਲੇ ਵਿਸ਼ੇ ਵਾਲੇ ਖੇਤਰ ਵਿੱਚ ਚਰਚਾ ਕੀਤੀ ਗਈ ਹੈ। ਅਪੰਗਤਾ ਵਾਲੇ ਵਿਅਕਤੀਗਤ ਵਿਦਿਆਰਥੀਆਂ ਦੀ ਸਹਾਇਤਾ ਕਰਨ ਜਾਂ ਸਕੂਲਾਂ ਨੂੰ ਵਿਆਪਕ ਤੌਰ 'ਤੇ ਪਹੁੰਚਯੋਗ ਅਤੇ ਸਮਾਵੇਸ਼ੀ ਬਣਾਉਣ ਲਈ CEO ਜਾਂ ਮੰਤਰੀ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ।

## ਹੋਰ ਸਰੋਤ ਕੀ ਕਹਿੰਦੇ ਹਨ

ਆਸਟ੍ਰੇਲੀਆ ਦੇ ਹੋਰ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਵਿੱਚ ਵੀ ਅਜਿਹੀਆਂ ਭੂਮਿਕਾਵਾਂ ਹਨ ਅਤੇ ਵਿਸ਼ੇਸ਼ ਤੌਰ 'ਤੇ ਸ਼ਾਮਲ ਕਰਨ ਜਾਂ ਪਹੁੰਚਯੋਗਤਾ ਨੂੰ ਕਿਸੇ ਦੀ ਸਪੱਸ਼ਟ ਜ਼ਿੰਮੇਵਾਰੀ ਵਜੋਂ ਜ਼ਿਕਰ ਨਹੀਂ ਕਰਦੀਆਂ ਹਨ। ਹਾਲਾਂਕਿ, ਬਹੁਤ ਸਾਰੇ ਹੋਰ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਵਿੱਚ, ਉਨ੍ਹਾਂ ਦੇ ਕਾਨੂੰਨਾਂ ਵਿੱਚ ਸ਼ਾਮਲ ਕਰਨ ਬਾਰੇ ਉਦੇਸ਼ ਅਤੇ ਸਿਧਾਂਤ ਸ਼ਾਮਲ ਹਨ। ਇਸ ਦਾ ਮਤਲਬ ਇਹ ਹੈ ਕਿ ਹਰ ਕੋਈ ਜੋ ਇਨ੍ਹਾਂ ਕਾਨੂੰਨਾਂ ਦੇ ਅਧੀਨ ਕੰਮ ਕਰਦਾ ਹੈ, ਉਸ ਨੂੰ ਕਾਨੂੰਨਾਂ ਦੇ ਅਧੀਨ ਆਪਣੀਆਂ ਭੂਮਿਕਾਵਾਂ ਨਿਭਾਉਂਦੇ ਸਮੇਂ ਉਦੇਸ਼ਾਂ ਅਤੇ ਸਿਧਾਂਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

**ਸਵਾਲ**

6. ਕੀ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਬਾਰੇ SE ਕਾਨੂੰਨ ਵਿੱਚ ਕੋਈ ਤਬਦੀਲੀਆਂ ਹੋਣੀਆਂ ਚਾਹੀਦੀਆਂ ਹਨ? ਜੇ ਹਾਂ, ਤਾਂ ਇਹ ਕਿਸ ਤਰ੍ਹਾਂ ਦਿਖਾਈ ਦੇਣਾ ਚਾਹੀਦਾ ਹੈ?

**ਸੋਚਣ ਵਾਲੀਆਂ ਚੀਜ਼ਾਂ**

- SE ਕਾਨੂੰਨ ਦੀ ਧਾਰਾ 61, 63, 64, 128, 143, 205 ਅਤੇ 216 ਨੂੰ ਵੇਖੋ - ਕੀ ਕਿਸੇ ਵੀ ਭੂਮਿਕਾ ਦਾ ਪਹੁੰਚ ਅਤੇ ਸ਼ਮੂਲੀਅਤ ਬਾਰੇ ਫਰਜ਼ ਹੋਣਾ ਚਾਹੀਦਾ ਹੈ?
- ਕੀ SE ਕਾਨੂੰਨ ਵਿੱਚੋਂ ਕੋਈ ਭੂਮਿਕਾਵਾਂ, ਜ਼ਿੰਮੇਵਾਰੀਆਂ ਜਾਂ ਕੰਮ ਗਾਇਬ ਹਨ?

**ਮੁੱਖ ਹਵਾਲੇ:**

- ਕੋਈ ਨਹੀਂ

## ਇੱਕੋ ਜਮਾਤ ਦੇ ਕਮਰੇ ਵਿੱਚ ਤਬਦੀਲੀਆਂ ਅਤੇ ਸਿੱਖਣ ਦਾ ਅਧਿਕਾਰ

"ਵਾਜਬ ਅਨੁਕੂਲਤਾ" ਜਾਂ "ਉਪਰ-ਥੱਲੇ" ਦਾ ਮਤਲਬ ਹੈ ਤਬਦੀਲੀਆਂ ਕਰਨਾ ਤਾਂ ਜੋ ਅਪਾਹਜਤਾ ਵਾਲੇ ਲੋਕਾਂ ਸਮੇਤ ਵੱਖ-ਵੱਖ ਲੋੜਾਂ ਵਾਲੇ ਲੋਕ ਹੋਰ ਲੋਕਾਂ ਵਾਂਗ ਆਸਾਨੀ ਨਾਲ ਹਿੱਸਾ ਲੈ ਸਕਣ। ਇਸ ਵਿੱਚ ਚੀਜ਼ਾਂ ਕਿਵੇਂ ਕੀਤੀਆਂ ਜਾਂਦੀਆਂ ਹਨ ਜਾਂ ਵਾਤਾਵਰਣ ਨੂੰ ਬਦਲਣਾ ਸ਼ਾਮਲ ਹੋ ਸਕਦਾ ਹੈ ਤਾਂ ਜੋ ਅਪੰਗਤਾ ਵਾਲਾ ਕੋਈ ਵਿਅਕਤੀ ਹਰ ਕਿਸੇ ਦੀ ਤਰ੍ਹਾਂ ਸੇਵਾ ਦੀ ਵਰਤੋਂ ਕਰ ਸਕੇ।

### SE ਕਾਨੂੰਨ ਵਿੱਚ ਕੀ ਹੈ

SE ਕਾਨੂੰਨ ਅਪੰਗਤਾ ਵਾਲੇ ਵਿਦਿਆਰਥੀਆਂ ਨੂੰ ਆਪਣੇ ਸਾਥੀਆਂ ਵਾਂਗ ਉਸੇ ਜਮਾਤ ਦੇ ਕਮਰੇ ਵਿੱਚ ਅਨੁਕੂਲਤਾ ਜਾਂ ਸਿੱਖਣ ਦਾ ਸਪੱਸ਼ਟ ਅਧਿਕਾਰ ਨਹੀਂ ਦਿੰਦਾ।

ਹਾਲਾਂਕਿ, ਇਕ ਧਾਰਾ (ਧਾਰਾ 73) ਹੈ ਜੋ ਪ੍ਰਿੰਸੀਪਲ ਲਈ ਵਿਦਿਅਕ ਪ੍ਰੋਗਰਾਮ ਦੀ ਸਮੱਗਰੀ ਅਤੇ ਲਾਗੂ ਕਰਨ ਦੇ ਸਬੰਧ ਵਿੱਚ ਅਪੰਗਤਾ ਵਾਲੇ ਬੱਚੇ ਦੀਆਂ ਵਿਲੱਖਣ ਲੋੜਾਂ ਦਾ ਫ਼ੈਸਲਾ ਕਰਨ ਲਈ ਇਕ ਸੀਮਤ ਪ੍ਰਕਿਰਿਆ ਦੀ ਰੂਪਰੇਖਾ ਦਿੰਦੀ ਹੈ। ਧਾਰਾ 73 ਸਿਰਫ਼ ਸਰਕਾਰੀ ਸਕੂਲਾਂ ਵਿੱਚ ਅਪੰਗਤਾ ਵਾਲੇ ਵਿਦਿਆਰਥੀਆਂ 'ਤੇ ਲਾਗੂ ਹੁੰਦੀ ਹੈ ਅਤੇ ਕਹਿੰਦੀ ਹੈ ਕਿ ਪ੍ਰਿੰਸੀਪਲ ਨੂੰ ਮਾਪਿਆਂ, ਅਧਿਆਪਕਾਂ ਅਤੇ 'ਜੇ ਉਚਿਤ ਹੋਵੇ' ਤਾਂ ਬੱਚੇ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ। ਪ੍ਰਿੰਸੀਪਲ ਅੰਤਿਮ ਫ਼ੈਸਲਾ ਲੈਂਦਾ ਹੈ।

### ਹੋਰ ਸਰੋਤ ਕੀ ਕਹਿੰਦੇ ਹਨ

CRC ਅਤੇ CRPD ਦੇ ਅਧੀਨ ਮਨੁੱਖੀ ਅਧਿਕਾਰ (ਆਮ ਟਿੱਪਣੀ 4 ਸਮੇਤ) ਕਹਿੰਦੇ ਹਨ:

- ਬੱਚਿਆਂ ਨੂੰ ਉਹਨਾਂ ਤਰੀਕਿਆਂ ਨਾਲ ਜਾਣਕਾਰੀ ਲੱਭਣ, ਪ੍ਰਾਪਤ ਕਰਨ ਅਤੇ ਦੇਣ ਦਾ ਅਧਿਕਾਰ ਹੈ ਜਿੰਨ੍ਹਾਂ ਨੂੰ ਉਹ ਸਮਝ ਸਕਦੇ ਹਨ
- ਵਿਅਕਤੀਗਤ ਸਹਾਇਤਾ ਅਤੇ ਅਨੁਕੂਲਨ ਉਹ ਤਰਜੀਹੀ ਮਾਮਲੇ ਹਨ ਅਤੇ ਸਿੱਖਿਆ ਦੇ ਸਾਰੇ ਲਾਜ਼ਮੀ ਪੱਧਰਾਂ ਲਈ ਮੁਫ਼ਤ ਹੋਣੇ ਚਾਹੀਦੇ ਹਨ
- ਸਮਾਵੇਸ਼ੀ ਸਿੱਖਿਆ ਵੱਲ ਤਰੱਕੀ ਕਰਨ ਵਿੱਚ ਅਸਫ਼ਲਤਾ ਨੂੰ ਜਾਇਜ਼ ਠਹਿਰਾਉਣ ਲਈ ਸਰੋਤਾਂ ਅਤੇ ਜਾਂ ਪੈਸੇ ਦੀ ਘਾਟ ਦੀ ਵਰਤੋਂ ਕਰਨਾ CRPD ਦੀ ਧਾਰਾ 24 ਦੀ ਉਲੰਘਣਾ ਕਰਦਾ ਹੈ
- ਤੁਸੀਂ ਭੇਦਭਾਵ ਕਰ ਰਹੇ ਹੋ ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਵਾਸਤੇ ਤਬਦੀਲੀਆਂ ਨਹੀਂ ਕਰਦੇ ਜਿਸ ਨੂੰ ਇਸ ਦੀ ਲੋੜ ਹੈ
- ਸਾਰੀਆਂ ਤਬਦੀਲੀਆਂ ਵਿੱਚ ਸਲਾਹ-ਮਸ਼ਵਰਾ ਪ੍ਰਕਿਰਿਆ ਸ਼ਾਮਲ ਹੋਣੀ ਚਾਹੀਦੀ ਹੈ

ਆਸਟ੍ਰੇਲੀਆ ਵਿੱਚ, DDA ਅਤੇ DSE ਦਾ ਕਹਿਣਾ ਹੈ ਕਿ ਸਾਰੇ ਸਕੂਲਾਂ ਨੂੰ ਲੋੜ ਪੈਣ 'ਤੇ ਵਿਦਿਆਰਥੀਆਂ ਲਈ 'ਵਾਜਬ ਤਬਦੀਲੀਆਂ' ਕਰਨੀਆਂ ਚਾਹੀਦੀਆਂ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਸਕੂਲਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਤੱਕ ਪਹੁੰਚ ਕਰ ਸਕਣ। ਉਹ ਯੂਨੀਵਰਸਲ ਡਿਜ਼ਾਈਨ ਲਈ ਮਾਪਦੰਡ ਨਿਰਧਾਰਤ ਨਹੀਂ ਕਰਦੀਆਂ ਹਨ।

ਆਸਟ੍ਰੇਲੀਆ ਦੇ ਰਾਜਧਾਨੀ ਕੇਂਦਰੀ ਪ੍ਰਦੇਸ਼ (ਆਸਟ੍ਰੇਲੀਅਨ ਕੈਪੀਟਲ ਟੈਰੀਟਰੀ) ਅਤੇ ਨੌਰਦਰਨ ਟੈਰੀਟਰੀ ਦੋਵਾਂ ਵਿੱਚ ਸਿੱਖਿਆ ਕਾਨੂੰਨ ਹੈ ਜੋ ਸਪੱਸ਼ਟ ਤੌਰ 'ਤੇ ਵਾਜਬ ਤਬਦੀਲੀਆਂ ਦੀ ਵਿਵਸਥਾ ਕਰਦਾ ਹੈ।

ਤਬਦੀਲੀਆਂ ਨਾਲ ਸਬੰਧਿਤ ਕਈ ਤਾਜ਼ਾ ਸਿਫਾਰਸ਼ਾਂ ਕੀਤੀਆਂ ਗਈਆਂ ਹਨ:

- ਆਸਟ੍ਰੇਲੀਆ (DDA ਰਾਹੀਂ) ਅਤੇ WA (*ਬਰਾਬਰ ਮੌਕੇ ਕਾਨੂੰਨ 1984* ਰਾਹੀਂ) ਦਾ 'ਤਬਦੀਲੀਆਂ' ਕਰਨ ਦਾ ਇਕੱਲਾ ਫਰਜ਼ ਹੋਣਾ ਚਾਹੀਦਾ ਹੈ। ਇਸ ਫਰਜ਼ ਦੀ ਇੱਕੋ ਇਕ ਛੋਟ ਉਦੋਂ ਹੋਣਾ ਚਾਹੀਦੀ ਹੈ ਜਦੋਂ ਇਹ 'ਅਣਉਚਿਤ ਮੁਸ਼ਕਿਲ' ਪੈਦਾ ਕਰੇਗਾ
- ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਕੋਲ ਤਬਦੀਲੀਆਂ ਦੀ ਪਛਾਣ, ਯੋਜਨਾਬੰਦੀ, ਲਾਗੂ ਕਰਨ ਅਤੇ ਮੁਲਾਂਕਣ ਕਰਨ ਲਈ ਸਪੱਸ਼ਟ ਨਿਯਮ ਅਤੇ ਕਦਮ ਹੋਣੇ ਚਾਹੀਦੇ ਹਨ।

ਪੁਰਤਗਾਲ ਵਿੱਚ, ਸਕੂਲਾਂ ਨੂੰ ਸਾਰੇ ਵਿਦਿਆਰਥੀਆਂ ਦੀ ਸਹਾਇਤਾ ਕਰਨ ਲਈ ਆਪਣੇ ਅਧਿਆਪਨ ਦੇ ਤਰੀਕਿਆਂ ਨੂੰ ਬਦਲਾਉਣਾ ਚਾਹੀਦਾ ਹੈ। ਇਸ ਵਿੱਚ ਉਹਨਾਂ ਵਿਦਿਆਰਥੀਆਂ ਵਾਸਤੇ ਅਨੁਕੂਲਤਾ ਪ੍ਰਦਾਨ ਕਰਨਾ ਸ਼ਾਮਲ ਹੈ ਜਿੰਨ੍ਹਾਂ ਨੂੰ ਇਹਨਾਂ ਦੀ ਲੋੜ ਹੈ। ਬਹੁ-ਅਨੁਸ਼ਾਸਨੀ ਟੀਮਾਂ, ਬੱਚੇ ਅਤੇ ਉਨ੍ਹਾਂ ਦੇ ਮਾਪਿਆਂ ਦੇ ਨਾਲ, ਹਰੇਕ ਵਿਦਿਆਰਥੀ ਨੂੰ ਸਕੂਲ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ ਲਈ ਲੋੜੀਂਦੀ ਸਹਾਇਤਾ ਬਾਰੇ ਫ਼ੈਸਲਾ ਕਰਦੀਆਂ ਹਨ, ਭਾਂਵੇਂ ਕਿ ਉਨ੍ਹਾਂ ਦੀ ਅਪੰਗਤਾ ਕੋਈ ਵੀ ਹੋਵੇ। ਉਨ੍ਹਾਂ ਵਿਦਿਆਰਥੀਆਂ ਲਈ ਅਨੁਕੂਲਤਾ ਪ੍ਰਦਾਨ ਕਰਨ ਤੋਂ ਇਲਾਵਾ ਜਿਨ੍ਹਾਂ ਨੂੰ ਉਨ੍ਹਾਂ ਦੀ ਜ਼ਰੂਰਤ ਹੈ, ਪੁਰਤਗਾਲੀ ਕਾਨੂੰਨ ਇਹ ਵੀ ਕਹਿੰਦੇ ਹਨ ਕਿ ਸਕੂਲਾਂ ਵਿੱਚ ਸਾਰੇ ਵਿਦਿਆਰਥੀਆਂ ਲਈ 'ਵਿਸ਼ਵਵਿਆਪੀ ਉਪਾਅ' ਹੋਣੇ ਚਾਹੀਦੇ ਹਨ। 'ਵਿਸ਼ਵਵਿਆਪੀ ਉਪਾਅ' ਇਹ ਯਕੀਨੀ ਬਣਾਉਣ ਬਾਰੇ ਹੈ ਕਿ ਸਿੱਖਿਆ ਆਮ ਤੌਰ 'ਤੇ ਸਾਰੇ ਵਿਦਿਆਰਥੀਆਂ ਲਈ ਪਹੁੰਚਯੋਗ ਹੋਵੇ।

CRPD (ਅਤੇ ਜਨਰਲ ਟਿੱਪਣੀ ਨੰਬਰ 4) ਇਹ ਵੀ ਕਹਿੰਦੀ ਹੈ ਕਿ ਸਕੂਲਾਂ ਨੂੰ ਵਿਸ਼ਵਵਿਆਪੀ ਉਪਾਅ ਕਰਨੇ ਚਾਹੀਦੇ ਹਨ। ਸਿੱਖਿਆ ਪ੍ਰਣਾਲੀ ਦੇ ਸੰਦਰਭ ਵਿੱਚ, ਇਹ ਇਹ ਯਕੀਨੀ ਬਣਾਉਣ ਬਾਰੇ ਹੈ ਕਿ ਇਮਾਰਤਾਂ, ਸੂਚਨਾ ਅਤੇ ਸੰਚਾਰ, ਸਿੱਖਿਆ ਸਮੱਗਰੀ, ਅਧਿਆਪਨ ਵਿਧੀਆਂ ਅਤੇ ਮੁਲਾਂਕਣ ਸਾਰੇ ਵਿਦਿਆਰਥੀਆਂ ਲਈ ਸਭ ਤੋਂ ਵੱਧ ਸੰਭਵ ਹੱਦ ਤੱਕ, ਵਿਅਕਤੀਗਤ ਅਨੁਕੂਲਤਾ ਜਾਂ 'ਖਾਸ ਬਦਲਾਵਾਂ' ਦੀ ਜ਼ਰੂਰਤ ਤੋਂ ਬਿਨਾਂ ਵਿਸ਼ਵਵਿਆਪੀ ਤੌਰ 'ਤੇ ਪਹੁੰਚਯੋਗ ਹਨ।

**ਸਵਾਲ**

7. ਕੀ ਅਪੰਗਤਾ ਵਾਲੇ ਵਿਦਿਆਰਥੀਆਂ ਅਤੇ/ਜਾਂ ਵਿਸ਼ਵਵਿਆਪੀ ਉਪਾਵਾਂ ਲਈ ਤਬਦੀਲੀਆਂ ਬਾਰੇ SE ਕਾਨੂੰਨ ਵਿੱਚ ਕੋਈ ਤਬਦੀਲੀਆਂ ਹੋਣੀਆਂ ਚਾਹੀਦੀਆਂ ਹਨ? ਜੇ ਹਾਂ, ਤਾਂ ਇਹ ਕਿਸ ਤਰ੍ਹਾਂ ਦਿਖਾਈ ਦੇਣਾ ਚਾਹੀਦਾ ਹੈ?

**ਸੋਚਣ ਵਾਲੀਆਂ ਚੀਜ਼ਾਂ**

- SE ਕਾਨੂੰਨ ਦੀ ਧਾਰਾ 73 ਨੂੰ ਵੇਖੋ ਅਤੇ DSE ਨੂੰ ਵੇਖੋ
- ਕੀ ਕੋਈ ਅਜਿਹੀ ਚੀਜ਼ ਹੈ ਜੋ ਪਹੁੰਚ ਅਤੇ ਸ਼ਮੂਲੀਅਤ ਨੂੰ ਬਿਹਤਰ ਬਣਾਉਣ ਲਈ ਸ਼ਾਮਲ ਕੀਤੀ ਜਾ ਸਕਦੀ ਹੈ?
- ਕੀ ਤਬਦੀਲੀਆਂ ਜਾਂ ਵਿਸ਼ਵਵਿਆਪੀ ਉਪਾਵਾਂ ਬਾਰੇ WA ਸਿੱਖਿਆ ਕਾਨੂੰਨ ਸਾਰੇ ਸਕੂਲਾਂ ਜਾਂ ਸਿਰਫ਼ ਸਰਕਾਰੀ ਸਕੂਲਾਂ 'ਤੇ ਲਾਗੂ ਹੋਣੇ ਚਾਹੀਦੇ ਹਨ?

**ਮੁੱਖ ਹਵਾਲੇ:**

- CRPD - ਵੇਖੋ ਆਰਟੀਕਲ 24 ਅਤੇ ਆਮ ਟਿੱਪਣੀ 4
- *ਸਿੱਖਿਆ ਕਾਨੂੰਨ 2004* (ਆਸਟ੍ਰੇਲੀਅਨ ਕੈਪੀਟਲ ਟੈਰੀਟਰੀ) - ਵੇਖੋ ਸੈਕਸ਼ਨ 7 (3)
- *ਸਿੱਖਿਆ ਕਾਨੂੰਨ 2015* (ਨੌਰਦਰਨ ਟੈਰੀਟਰੀ) – ਸੈਕਸ਼ਨ 52 ਵੇਖੋ
- ਅਪਾਹਜ ਲੋਕਾਂ ਦੀ ਹਿੰਸਾ, ਦੁਰਵਿਵਹਾਰ, ਅਣਗਹਿਲੀ ਅਤੇ ਸ਼ੋਸ਼ਣ ਬਾਰੇ ਰਾਇਲ ਕਮਿਸ਼ਨ ਦੀ ਅੰਤਿਮ ਰਿਪੋਰਟ - ਸਿਫਾਰਸ਼ਾਂ 4.25, 4.26 ਅਤੇ 7.3 ਭਾਗ A ਵੇਖੋ
- LRCWA ਪ੍ਰੋਜੈਕਟ 111 ਅੰਤਿਮ ਰਿਪੋਰਟ - ਸਿਫਾਰਸ਼ਾਂ 66-68 ਵੇਖੋ
- ਪੁਰਤਗਾਲ ਦਾ ਫ਼ਰਮਾਨ-ਕਾਨੂੰਨ ਨੰਬਰ 54/2018 (ਆਰਟੀਕਲ 28) ਅਤੇ ਕਾਨੂੰਨ 46/86 (ਆਰਟੀਕਲ 18)

## ਸੰਚਾਰ/ਸਲਾਹ-ਮਸ਼ਵਰਾ

ਸੰਚਾਰ, ਸਲਾਹ-ਮਸ਼ਵਰਾ ਅਤੇ ਮਿਲ ਕੇ ਕੰਮ ਕਰਨਾ ਲੋਕਾਂ ਨੂੰ ਇਕ ਦੂਜੇ ਨੂੰ ਸਮਝਣ ਅਤੇ ਇਕ ਦੂਜੇ ਦੀਆਂ ਲੋੜਾਂ ਅਤੇ ਵਿਚਾਰਾਂ ਬਾਰੇ ਵਿਚਾਰ ਕਰਨ ਵਿੱਚ ਮਦਦ ਕਰਦਾ ਹੈ। ਕਈ ਵਾਰ ਕਾਨੂੰਨ ਸਪੱਸ਼ਟ ਤੌਰ 'ਤੇ ਕਹਿੰਦੇ ਹਨ ਕਿ ਸਲਾਹ-ਮਸ਼ਵਰਾ ਕਦੋਂ ਹੋਣਾ ਚਾਹੀਦਾ ਹੈ। ਇਹ ਅਕਸਰ ਉਦੋਂ ਹੁੰਦਾ ਹੈ ਜਦੋਂ ਸ਼ਕਤੀ ਵਿੱਚ ਅਸੰਤੁਲਨ ਹੁੰਦਾ ਹੈ ਜਾਂ ਜਦੋਂ ਸਪੱਸ਼ਟ ਸੰਚਾਰ ਜਾਂ ਸਲਾਹ-ਮਸ਼ਵਰੇ ਰਾਹੀਂ ਬਿਹਤਰ ਨਤੀਜਿਆਂ ਦੀ ਉਮੀਦ ਕੀਤੀ ਜਾਂਦੀ ਹੈ।

### SE ਕਾਨੂੰਨ ਵਿੱਚ ਕੀ ਹੈ

SE ਕਾਨੂੰਨ ਵਿੱਚ ਸਲਾਹ-ਮਸ਼ਵਰੇ ਬਾਰੇ ਬਹੁਤ ਘੱਟ ਹਿੱਸੇ ਹਨ ਅਤੇ ਵਿਦਿਆਰਥੀਆਂ ਨੂੰ ਸ਼ਾਮਲ ਕਰਨ ਬਾਰੇ ਬਹੁਤ ਘੱਟ ਜ਼ਿਕਰ ਹੈ। ਧਾਰਾ 73 ਕਹਿੰਦੀ ਹੈ ਕਿ ਪ੍ਰਿੰਸੀਪਲਾਂ ਨੂੰ ਵਿਦਿਆਰਥੀਆਂ ਨਾਲ 'ਜੇ ਉਚਿਤ ਹੋਵੇ' ਗੱਲ ਕਰਨੀ ਚਾਹੀਦੀ ਹੈ। ਹਾਲਾਂਕਿ, ਇਹ ਨਹੀਂ ਦੱਸਦੀ ਕਿ ਇਹ ਕਿਵੇਂ ਫ਼ੈਸਲਾ ਕਰਨਾ ਹੈ ਕਿ ਕੀ ਉਚਿਤ ਹੈ ਜਾਂ ਵਿਦਿਆਰਥੀਆਂ ਨਾਲ ਗੱਲ ਕਰਨ ਵਿੱਚ ਕੀ ਸ਼ਾਮਲ ਹੋਣਾ ਚਾਹੀਦਾ ਹੈ।

### ਹੋਰ ਸਰੋਤ ਕੀ ਕਹਿੰਦੇ ਹਨ

ਆਸਟ੍ਰੇਲੀਆ ਦੀਆਂ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਜ਼ਿੰਮੇਵਾਰੀਆਂ ਦੇ ਅਧੀਨ, CRC ਅਤੇ CRPD ਦੋਵਾਂ ਦਾ ਕਹਿਣਾ ਹੈ ਕਿ ਬੱਚਿਆਂ ਨੂੰ ਉਨ੍ਹਾਂ ਚੀਜ਼ਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਦਾ ਅਧਿਕਾਰ ਹੈ ਜੋ ਉਨ੍ਹਾਂ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਉਚਿਤ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ। "ਉਚਿਤ ਮਹੱਤਵ" ਦਾ ਫ਼ੈਸਲਾ ਉਨ੍ਹਾਂ ਦੀ ਉਮਰ ਅਤੇ ਸਿਆਣਪ 'ਤੇ ਵਿਚਾਰ ਕਰਕੇ ਕੀਤਾ ਜਾਂਦਾ ਹੈ। CRPD ਨੇ ਅੱਗੇ ਕਿਹਾ ਕਿ ਅਪੰਗਤਾ ਵਾਲੇ ਵਿਦਿਆਰਥੀਆਂ ਨੂੰ ਇਸ ਅਧਿਕਾਰ ਨੂੰ ਸਮਝਣ ਲਈ ਉਚਿਤ ਸਹਾਇਤਾ ਮਿਲਣੀ ਚਾਹੀਦੀ ਹੈ।

ਆਸਟ੍ਰੇਲੀਆ ਦੀ ਸਰਕਾਰ ਅਤੇ ਅਪੰਗਤਾ ਰਾਇਲ ਕਮਿਸ਼ਨ ਦੋਵਾਂ ਨੇ ਆਸਟ੍ਰੇਲੀਆ ਦੇ ਸਕੂਲਾਂ ਵਿੱਚ ਸਲਾਹ-ਮਸ਼ਵਰੇ ਵਿੱਚ ਸੁਧਾਰ ਦੀ ਸਿਫਾਰਸ਼ ਕੀਤੀ ਹੈ। ਸਿਫਾਰਸ਼ਾਂ DSE ਵਿੱਚ ਤਬਦੀਲੀਆਂ ਲਈ ਹਨ, ਪਰ ਇਹਨਾਂ 'ਤੇ ਅਜੇ ਤੱਕ ਕਾਰਵਾਈ ਨਹੀਂ ਕੀਤੀ ਗਈ ਹੈ। ਹਾਲਾਂਕਿ ਸਿਫਾਰਸ਼ਾਂ DSE ਲਈ ਹਨ, ਰਾਜ ਅਤੇ ਕੇਂਦਰੀ ਪ੍ਰਦੇਸ਼ ਉਨ੍ਹਾਂ ਨੂੰ ਆਪਣੇ ਕਾਨੂੰਨਾਂ ਵਿੱਚ ਲਾਗੂ ਕਰਨ ਦੀ ਚੋਣ ਕਰ ਸਕਦੇ ਹਨ। ਸਿਫਾਰਸ਼ਾਂ ਵਿੱਚ ਸ਼ਾਮਲ ਹਨ:

- ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸਲਾਹ-ਮਸ਼ਵਰਾ ਕਿਵੇਂ ਕਰਨਾ ਹੈ ਇਸ ਲਈ ਸਿਧਾਂਤ ਨਿਰਧਾਰਤ ਕਰਨੇ
- ਇਹ ਯਕੀਨੀ ਬਣਾਉਣਾ ਕਿ ਅਪੰਗਤਾ ਵਾਲੇ ਵਿਦਿਆਰਥੀ ਆਪਣੇ ਵਿਦਿਅਕ ਪ੍ਰੋਗਰਾਮਾਂ ਅਤੇ ਉਹਨਾਂ ਨੂੰ ਲੋੜੀਂਦੀਆਂ ਤਬਦੀਲੀਆਂ ਬਾਰੇ ਫ਼ੈਸਲਿਆਂ ਵਿੱਚ ਜਿੰਨਾ ਸੰਭਵ ਹੋ ਸਕੇ ਪੂਰੀ ਤਰ੍ਹਾਂ ਹਿੱਸਾ ਲੈ ਸਕਦੇ ਹਨ
- ਅਪੰਗਤਾ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਸਹੂਲਤਾਂ ਅਤੇ ਜਮਾਤ ਦੇ ਕਮਰੇ ਦੇ ਅਭਿਆਸਾਂ ਵਿੱਚ ਸਕੂਲ-ਵਿਆਪੀ ਤਬਦੀਲੀਆਂ ਬਾਰੇ ਫ਼ੈਸਲਿਆਂ 'ਤੇ ਸਕੂਲਾਂ ਜਾਂ ਪ੍ਰਿੰਸੀਪਲਾਂ ਦੁਆਰਾ ਸਹਾਇਤਾ ਕਰਨ ਦਾ ਅਧਿਕਾਰ ਦਿੰਦਾ ਹੈ ਜਿੱਥੇ ਇਹ ਅਪੰਗਤਾ ਵਾਲੇ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰਦਾ ਹੈ।

2016 ਵਿੱਚ ਆਸਟ੍ਰੇਲੀਆ ਦੀ ਸੈਨੇਟ ਦੀ ਸਿੱਖਿਆ ਅਤੇ ਰੁਜ਼ਗਾਰ ਹਵਾਲਾ ਕਮੇਟੀ ਨੇ ਸਕੂਲ ਪ੍ਰਣਾਲੀ ਵਿੱਚ ਅਪੰਗਤਾ ਵਾਲੇ ਵਿਦਿਆਰਥੀਆਂ ਲਈ ਪਹੁੰਚ ਅਤੇ ਪ੍ਰਾਪਤੀ ਦੇ ਪੱਧਰਾਂ ਬਾਰੇ ਰਿਪੋਰਟ ਪੇਸ਼ ਕੀਤੀ। ਕਮੇਟੀ ਨੇ ਸਿਫਾਰਸ਼ ਕੀਤੀ ਕਿ ਅਪੰਗਤਾ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੇ ਬੱਚੇ ਲਈ ਵਿਦਿਅਕ ਯੋਜਨਾ ਦੇ ਵਿਕਾਸ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ, ਅਤੇ ਮਾਪਿਆਂ ਦੀ ਸਾਰਥਕ ਚੱਲ ਰਹੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਤਰੀਕਾ ਹੋਣਾ ਚਾਹੀਦਾ ਹੈ।

**ਸਵਾਲ**

8. ਕੀ ਅਪੰਗਤਾ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨਾਲ ਸੰਚਾਰ ਕਰਨ, ਸਲਾਹ-ਮਸ਼ਵਰਾ ਕਰਨ ਅਤੇ/ਜਾਂ ਸਹਿਯੋਗ ਕਰਨ ਦੇ ਫਰਜ਼ਾਂ ਬਾਰੇ SE ਕਾਨੂੰਨ ਵਿੱਚ ਕੋਈ ਤਬਦੀਲੀਆਂ ਹੋਣੀਆਂ ਚਾਹੀਦੀਆਂ ਹਨ। ਜੇ ਹਾਂ, ਤਾਂ ਇਹ ਕਿਸ ਤਰ੍ਹਾਂ ਦਿਖਾਈ ਦੇਣਾ ਚਾਹੀਦਾ ਹੈ?

**ਸੋਚਣ ਵਾਲੀਆਂ ਚੀਜ਼ਾਂ**

- ਸੰਚਾਰ ਅਤੇ ਸਹਿਯੋਗ ਨੂੰ ਸਫ਼ਲ ਬਣਾਉਣ ਵਿੱਚ ਕੀ ਮਦਦ ਕਰਦਾ ਹੈ?
- ਕੀ ਸਕੂਲਾਂ ਨੂੰ ਅਪੰਗਤਾ ਵਾਲੇ ਵਿਦਿਆਰਥੀਆਂ ਨੂੰ ਆਪਣੇ ਵਿਚਾਰ ਸਾਂਝੇ ਕਰਨ ਲਈ ਸਹਾਇਤਾ ਕਰਨੀ ਚਾਹੀਦੀ ਹੈ? ਕੀ ਤੁਹਾਡੇ ਕੋਲ ਇਸ ਬਾਰੇ ਕੋਈ ਵਿਚਾਰ ਹਨ ਕਿ ਇਹ ਚੰਗੀ ਤਰ੍ਹਾਂ ਕਿਵੇਂ ਕੀਤਾ ਜਾ ਸਕਦਾ ਹੈ?
- ਕੀ ਸਕੂਲਾਂ ਨੂੰ ਅਪੰਗਤਾ ਵਾਲੇ ਮਾਪਿਆਂ ਨੂੰ ਆਪਣੇ ਵਿਚਾਰ ਸਾਂਝੇ ਕਰਨ ਲਈ ਸਹਾਇਤਾ ਕਰਨੀ ਚਾਹੀਦੀ ਹੈ? ਕੀ ਤੁਹਾਡੇ ਕੋਲ ਇਸ ਬਾਰੇ ਕੋਈ ਵਿਚਾਰ ਹਨ ਕਿ ਇਹ ਚੰਗੀ ਤਰ੍ਹਾਂ ਕਿਵੇਂ ਕੀਤਾ ਜਾ ਸਕਦਾ ਹੈ?
- ਤੁਸੀਂ ਇਸ ਬਾਰੇ ਸੋਚਣਾ ਪਸੰਦ ਕਰ ਸਕਦੇ ਹੋ ਕਿ ਕੀ ਤੁਸੀਂ ਜੋ ਤਬਦੀਲੀਆਂ ਚਾਹੁੰਦੇ ਹੋ ਉਹ ਸਾਰੀਆਂ SE ਕਾਨੂੰਨ ਵਿੱਚ ਹੋਣੀਆਂ ਚਾਹੀਦੀਆਂ ਹਨ ਜਾਂ ਕੀ ਕੁਝ ਨਿਯਮਾਂ ਲਈ ਵਧੇਰੇ ਢੁੱਕਵੀਆਂ ਹੋ ਸਕਦੀਆਂ ਹਨ।

**ਮੁੱਖ ਹਵਾਲੇ**:

- ਸਿੱਖਿਆ ਲਈ ਅਪੰਗਤਾ ਮਿਆਰਾਂ ਦੀ 2020 ਦੀ ਸਮੀਖਿਆ ਦੀ ਅੰਤਿਮ ਰਿਪੋਰਟ 2005 - ਵੇਖੋ ਸਿਫਾਰਸ਼ 2
- ਅਪਾਹਜ ਲੋਕਾਂ ਦੀ ਹਿੰਸਾ, ਦੁਰਵਿਵਹਾਰ, ਅਣਗਹਿਲੀ ਅਤੇ ਸ਼ੋਸ਼ਣ ਬਾਰੇ ਰਾਇਲ ਕਮਿਸ਼ਨ ਦੀ ਅੰਤਿਮ ਰਿਪੋਰਟ - ਸਿਫਾਰਸ਼ 7.6 ਵੇਖੋ
- ਸੈਨੇਟ ਸਿੱਖਿਆ ਅਤੇ ਰੁਜ਼ਗਾਰ ਹਵਾਲਾ ਕਮੇਟੀ ਦੀ ਰਿਪੋਰਟ: ਅਸਲ ਸਿੱਖਿਆ ਤੱਕ ਪਹੁੰਚ: ਅਪੰਗਤਾ ਵਾਲੇ ਵਿਦਿਆਰਥੀਆਂ 'ਤੇ ਨੀਤੀ, ਮਾਲੀ ਸਹਾਇਤਾ ਅਤੇ ਸਭਿਆਚਾਰ ਦਾ ਪ੍ਰਭਾਵ - ਸਿਫਾਰਸ਼ 9 ਵੇਖੋ

# 4. ਜਦੋਂ ਵਿਦਿਆਰਥੀ ਲਈ ਸਕੂਲ ਠੀਕ ਨਹੀਂ ਚੱਲ ਰਿਹਾ ਹੁੰਦਾ

## ਅਨੁਸ਼ਾਸਨ, ਮੁਅੱਤਲੀਆਂ ਅਤੇ ਬਾਹਰ ਕੱਢਣਾ

### SE ਕਾਨੂੰਨ ਵਿੱਚ ਕੀ ਹੈ

SE ਕਾਨੂੰਨ ਦੀ ਧਾਰਾ 88-96 ਸਕੂਲ ਅਨੁਸ਼ਾਸਨ ਦੀ ਉਲੰਘਣਾ, ਮੁਅੱਤਲੀ, ਬਾਹਰ ਕੱਢਣ ਅਤੇ ਫ਼ੈਸਲਿਆਂ ਦੀ ਸਮੀਖਿਆ ਨੂੰ ਆਪਣੇ ਥੱਲੇ ਲਿਆਉਂਦੀ ਹੈ। ਇਹ ਧਾਰਾਵਾਂ ਸਿਰਫ ਸਰਕਾਰੀ ਸਕੂਲਾਂ 'ਤੇ ਲਾਗੂ ਹੁੰਦੀਆਂ ਹਨ।

ਮੁੱਖ ਸ਼ਬਦ 'ਸਕੂਲ ਅਨੁਸ਼ਾਸਨ ਦੀ ਉਲੰਘਣਾ' ਹੈ, ਜਿਸ ਨੂੰ ਕਿਸੇ ਵੀ ਕੰਮ ਜਾਂ ਭੁੱਲ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਜੋ ਸਕੂਲ ਦੇ ਚੰਗੇ ਪ੍ਰਬੰਧ ਨੂੰ ਖਰਾਬ ਕਰਦਾ ਹੈ।

ਪਰਿਭਾਸ਼ਾ ਇਸ ਗੱਲ ਨੂੰ ਧਿਆਨ ਵਿੱਚ ਨਹੀਂ ਰੱਖਦੀ ਕਿ ਕੀ ਕਿਸੇ ਵਿਦਿਆਰਥੀ ਨੂੰ ਅਪੰਗਤਾ ਹੈ, ਜਾਂ ਉਨ੍ਹਾਂ ਦੇ ਵਿਵਹਾਰ ਦਾ ਕਾਰਨ ਕੀ ਹੈ ਜਾਂ ਕੀ ਸਕੂਲ ਸਹਾਇਤਾ ਯੋਜਨਾ ਬਣਾ ਕੇ ਅਤੇ ਇਸ ਦੀ ਪਾਲਣਾ ਕਰਕੇ 'ਸਕੂਲ ਅਨੁਸ਼ਾਸਨ ਦੀ ਉਲੰਘਣਾ' ਤੋਂ ਬਚਣ ਲਈ ਵਿਦਿਆਰਥੀ ਨਾਲ ਕੰਮ ਕਰ ਰਿਹਾ ਸੀ।

### ਹੋਰ ਸਰੋਤ ਕੀ ਕਹਿੰਦੇ ਹਨ

ਅਪੰਗਤਾ ਵਾਲੇ ਵਿਦਿਆਰਥੀਆਂ ਲਈ ਅਨੁਸ਼ਾਸਨ ਗੁੰਝਲਦਾਰ ਹੈ। ਡਿਸਏਬਿਲਿਟੀ ਰਾਇਲ ਕਮਿਸ਼ਨ ਨੇ ਲੱਭਿਆ ਕਿ ਆਸਟ੍ਰੇਲੀਆ ਭਰ ਦੇ ਅਧਿਆਪਕ ਅਤੇ ਸਕੂਲ ਅਮਲੇ ਅਪੰਗਤਾ ਨਾਲ ਜੁੜੇ ਵਿਵਹਾਰ ਨੂੰ ਵਿਦਿਆਰਥੀਆਂ ਦੁਆਰਾ ਜਾਣਬੁੱਝ ਕੇ ਵਿਘਨ ਪਾਉਣ ਵਾਲੇ ਵਜੋਂ ਵੇਖ ਸਕਦੇ ਹਨ। ਇਨ੍ਹਾਂ ਉਦਾਹਰਨਾਂ ਵਿੱਚ, ਵਿਦਿਆਰਥੀ ਜਾਂ ਪਰਿਵਾਰ ਅਕਸਰ ਵਿਸ਼ਵਾਸ ਕਰਦੇ ਸਨ ਕਿ ਵਿਵਹਾਰ ਇਸ ਗੱਲ ਦਾ ਸੰਕੇਤ ਸੀ ਕਿ ਵਿਦਿਆਰਥੀ ਨੂੰ ਗ਼ਲਤ ਸਮਝਿਆ ਗਿਆ ਸੀ, ਸਹਾਇਤਾ ਦੀ ਘਾਟ ਕਾਰਨ ਮਾੜਾ ਵਿਵਹਾਰ ਕੀਤਾ ਗਿਆ ਸੀ ਜਾਂ ਉਨ੍ਹਾਂ ਨੂੰ ਵਧੇਰੇ ਆਰਾਮਦਾਇਕ ਬਣਾਉਣ ਲਈ ਵੱਖ-ਵੱਖ ਤਬਦੀਲੀਆਂ ਦੀ ਲੋੜ ਸੀ।

CRC ਅਤੇ CRPD ਦੇ ਅਧੀਨ ਮਨੁੱਖੀ ਅਧਿਕਾਰਾਂ ਦੀਆਂ ਜ਼ਿੰਮੇਵਾਰੀਆਂ ਕਹਿੰਦੀਆਂ ਹਨ ਕਿ:

- ਸਕੂਲ ਕਿਸੇ ਵਿਦਿਆਰਥੀ ਨੂੰ ਉਨ੍ਹਾਂ ਦੀ ਅਪੰਗਤਾ ਕਾਰਨ ਸਜ਼ਾ ਨਹੀਂ ਦੇ ਸਕਦੇ
- ਬੱਚਿਆਂ ਨਾਲ ਸਬੰਧਿਤ ਸਾਰੀਆਂ ਕਾਰਵਾਈਆਂ ਵਿੱਚ ਬੱਚੇ ਦੇ ਸਰਵੋਤਮ ਹਿੱਤ ਮੁੱਢਲੀ ਚਿੰਤਾ ਹੋਣੀ ਚਾਹੀਦੀ ਹੈ।

DDA ਅਤੇ *ਬਰਾਬਰ ਮੌਕਾ ਕਾਨੂੰਨ 1984* (WA) ਦੋਵੇਂ ਕਹਿੰਦੇ ਹਨ ਕਿ ਕੀ ਸਕੂਲਾਂ ਲਈ ਵਿਦਿਆਰਥੀ ਨੂੰ ਬਾਹਰ ਕੱਢ ਕੇ ਜਾਂ ਉਨ੍ਹਾਂ ਨੂੰ ਕਿਸੇ ਹੋਰ ਨੁਕਸਾਨ ਦੇ ਅਧੀਨ ਕਰਕੇ ਵਿਦਿਆਰਥੀਆਂ ਦੀ ਕਮਜ਼ੋਰੀ ਦੇ ਆਧਾਰ 'ਤੇ ਕਿਸੇ ਵਿਦਿਆਰਥੀ ਨਾਲ ਭੇਦਭਾਵ ਕਰਨਾ ਗੈਰਕਾਨੂੰਨੀ ਹੈ?

ਇਸ ਗੱਲ ਦੀ ਆਲੋਚਨਾ ਕੀਤੀ ਗਈ ਹੈ ਕਿ ਆਸਟ੍ਰੇਲੀਆ ਵਿੱਚ ਬਾਹਰ ਕੱਢਣ ਅਤੇ ਮੁਅੱਤਲ ਕਰਨ ਦੀਆਂ ਪ੍ਰਕਿਰਿਆਵਾਂ ਸਾਡੀਆਂ ਮਨੁੱਖੀ ਅਧਿਕਾਰਾਂ ਦੀਆਂ ਜ਼ਿੰਮੇਵਾਰੀਆਂ ਦੀ ਉਲੰਘਣਾ ਹਨ, ਜਿਵੇਂ ਕਿ ਇਸ ਦੁਆਰਾ ਵਿਖਾਇਆ ਗਿਆ ਹੈ:

- ਅਪੰਗਤਾ ਵਾਲੇ ਵਿਦਿਆਰਥੀਆਂ ਨੂੰ ਸਕੂਲਾਂ ਤੋਂ ਬਾਹਰ ਰੱਖਿਆ ਜਾ ਰਿਹਾ ਹੈ, ਜੋ ਸਿੱਖਿਆ ਤੱਕ ਪਹੁੰਚ ਤੋਂ ਇਨਕਾਰ ਕਰਨ ਦੇ ਬਰਾਬਰ ਹੈ।

- ਤੱਥ ਇਹ ਹੈ ਕਿ ਬੱਚਿਆਂ ਨੂੰ ਸਕੂਲ ਤੋਂ ਬਾਹਰ ਰੱਖਣਾ ਸ਼ਾਇਦ ਹੀ 'ਬੱਚੇ ਦੇ ਸਭ ਤੋਂ ਵਧੀਆ ਹਿੱਤਾਂ ਵਿੱਚ' ਹੁੰਦਾ ਹੈ।

ਅਪੰਗਤਾ ਬਾਰੇ ਰਾਇਲ ਕਮਿਸ਼ਨ ਨੇ ਸਿਫਾਰਸ਼ ਕੀਤੀ ਹੈ ਕਿ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ:

- ਅਪੰਗਤਾ ਵਾਲੇ ਵਿਦਿਆਰਥੀਆਂ ਨੂੰ ਬਾਹਰ ਰੱਖਣਾ ਇਕ ਆਖਰੀ ਉਪਾਅ ਹੈ
- ਬਾਹਰ ਕੱਢਣ ਦੀ ਵਰਤੋਂ ਕੇਵਲ ਉਦੋਂ ਕੀਤੀ ਜਾਂਦੀ ਹੈ ਜਦੋਂ ਗੰਭੀਰ ਨੁਕਸਾਨ ਦਾ ਖਤਰਾ ਹੁੰਦਾ ਹੈ
- ਬਾਹਰ ਕੱਢਣ ਦੇ ਫ਼ੈਸਲੇ ਵਿਦਿਆਰਥੀ ਦੀ ਅਪੰਗਤਾ 'ਤੇ ਵਿਚਾਰ ਕਰਨ
- ਕਿਸੇ ਵਿਦਿਆਰਥੀ ਨੂੰ ਬਾਹਰ ਕੱਢਣ ਤੋਂ ਪਹਿਲਾਂ, ਕੁਝ ਕਦਮ ਚੁੱਕੇ ਜਾਂਦੇ ਹਨ ਜਿਸ ਵਿੱਚ ਵਿਅਕਤੀਗਤ ਵਿਵਹਾਰ ਯੋਜਨਾ ਅਤੇ ਵਾਜਬ ਤਬਦੀਲੀਆਂ ਬਾਰੇ ਸਲਾਹ-ਮਸ਼ਵਰਾ ਸ਼ਾਮਲ ਹੈ।

ਵਿਕਟੋਰੀਆ ਦੇ ਸਿੱਖਿਆ ਕਾਨੂੰਨ ਦੇ ਅਧੀਨ ਮੰਤਰਾਲੇ ਦੁਆਰਾ ਆਦੇਸ਼ ਦਿੱਤੇ ਗਏ ਹਨ ਜਿਨ੍ਹਾਂ ਲਈ ਅਨੁਸ਼ਾਸਨੀ ਮਾਮਲਿਆਂ ਵਿੱਚ ਅਪੰਗਤਾ ਬਾਰੇ ਵਿਚਾਰ ਕਰਨ ਦੀ ਲੋੜ ਹੁੰਦੀ ਹੈ। ਮਾਰਚ 2024 ਵਿੱਚ, ਕੁਈਨਜ਼ਲੈਂਡ ਨੇ ਕਾਨੂੰਨਾਂ ਦਾ ਖਰੜਾ ਪੇਸ਼ ਕੀਤਾ ਜੋ ਕਹਿੰਦੇ ਹਨ ਕਿ ਸਕੂਲਾਂ ਨੂੰ ਅਪੰਗਤਾ ਵਾਲੇ ਵਿਦਿਆਰਥੀਆਂ ਲਈ ਸਹਾਇਤਾ ਯੋਜਨਾਵਾਂ ਬਣਾਉਣੀਆਂ ਚਾਹੀਦੀਆਂ ਹਨ ਜਿਨ੍ਹਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਜਾਂ ਬਾਹਰ ਕੱਢੇ ਜਾਣ ਦਾ ਖ਼ਤਰਾ ਹੈ।

**ਸਵਾਲ**

9. ਕੀ ਅਨੁਸ਼ਾਸਨ, ਮੁਅੱਤਲੀਆਂ ਜਾਂ ਬਾਹਰ ਕੱਢਣ ਬਾਰੇ SE ਕਾਨੂੰਨ ਵਿੱਚ ਕੋਈ ਤਬਦੀਲੀਆਂ ਹੋਣੀਆਂ ਚਾਹੀਦੀਆਂ ਹਨ? ਜੇ ਹਾਂ, ਤਾਂ ਇਹ ਕਿਸ ਤਰ੍ਹਾਂ ਦਿਖਾਈ ਦੇਣਾ ਚਾਹੀਦਾ ਹੈ?

**ਸੋਚਣ ਵਾਲੀਆਂ ਚੀਜ਼ਾਂ**

- SE ਕਾਨੂੰਨ ਦੀਆਂ ਧਾਰਾਵਾਂ 88-96 ਨੂੰ ਵੇਖੋ
- ਕੀ 'ਸਕੂਲ ਅਨੁਸ਼ਾਸਨ ਦੀ ਉਲੰਘਣਾ' ਦਾ ਸੰਕਲਪ ਅਪੰਗਤਾ ਵਾਲੇ ਵਿਦਿਆਰਥੀਆਂ ਲਈ ਪਹੁੰਚ ਅਤੇ ਸ਼ਮੂਲੀਅਤ ਵਿੱਚ ਰੁਕਾਵਟ ਹੈ?
- ਜੇ ਕਿਸੇ ਵਿਦਿਆਰਥੀ ਨੂੰ ਸਹੀ ਤਬਦੀਲੀਆਂ ਅਤੇ ਸਹਾਇਤਾ ਨਹੀਂ ਦਿੱਤੀਆਂ ਜਾਂਦੀਆਂ, ਤਾਂ ਉਹ ਅਸੁਰੱਖਿਅਤ, ਅਣਚਾਹੇ ਅਤੇ ਬੇਚੈਨ ਮਹਿਸੂਸ ਕਰ ਸਕਦੇ ਹਨ ਅਤੇ ਵਿਵਹਾਰ ਰਾਹੀਂ ਇਸ ਬਾਰੇ ਸੰਚਾਰ ਕਰ ਸਕਦੇ ਹਨ। ਕੀ ਇਹ ਸਹੀ ਹੈ ਕਿ ਉਨ੍ਹਾਂ ਨੂੰ ਇਨ੍ਹਾਂ ਉਦਾਹਰਨਾਂ ਵਿੱਚ ਉਨ੍ਹਾਂ ਦੇ ਵਿਵਹਾਰ ਲਈ ਬਾਹਰ ਰੱਖਿਆ ਜਾ ਸਕਦਾ ਹੈ?

**ਮੁੱਖ ਹਵਾਲੇ**:

- ਅਪਾਹਜ ਲੋਕਾਂ ਦੀ ਹਿੰਸਾ, ਦੁਰਵਿਵਹਾਰ, ਅਣਗਹਿਲੀ ਅਤੇ ਸ਼ੋਸ਼ਣ ਬਾਰੇ ਰਾਇਲ ਕਮਿਸ਼ਨ ਦੀ ਅੰਤਿਮ ਰਿਪੋਰਟ: ਭਾਗ 7 ਸਮਾਵੇਸ਼ੀ ਸਿੱਖਿਆ, ਰੁਜ਼ਗਾਰ ਅਤੇ ਰਿਹਾਇਸ਼, ਭਾਗ A - ਵੇਖੋ ਸੈਕਸ਼ਨ 3.3
- CRC - ਵੇਖੋ ਆਰਟੀਕਲ 2, 3 ਅਤੇ 28
- CRPD - ਵੇਖੋ ਆਰਟੀਕਲ 7 ਅਤੇ 15
- DDA - ਸੈਕਸ਼ਨ 22 ਵੇਖੋ

- *ਬਰਾਬਰ ਮੌਕਾ ਕਾਨੂੰਨ 1984* (WA) - ਵੇਖੋ ਧਾਰਾ 66।
- ਡਾਊਨ ਐਟ ਅਲ, 2024, *ਸਕੂਲਾਂ ਨੂੰ ਬਾਹਰ ਕੱਢਣ,* ਸਿੱਖਿਆ ਵਿੱਚ ਆਲੋਚਨਾਤਮਕ ਅਧਿਐਨਾਂ *ਬਾਰੇ ਨੀਤੀਗਤ ਵਿਚਾਰ-ਵਟਾਂਦਰੇ ਵਿੱਚ ਕੀ ਘਾਟ ਹੈ*
- ਅਪਾਹਜ ਲੋਕਾਂ ਦੀ ਹਿੰਸਾ, ਦੁਰਵਿਵਹਾਰ, ਅਣਗਹਿਲੀ ਅਤੇ ਸ਼ੋਸ਼ਣ ਬਾਰੇ ਰਾਇਲ ਕਮਿਸ਼ਨ ਦੀ ਅੰਤਿਮ ਰਿਪੋਰਟ - ਸਿਫਾਰਸ਼ 7.2 ਵੇਖੋ
- ਸਿੱਖਿਆ ਅਤੇ ਸਿਖਲਾਈ ਸੁਧਾਰ ਕਾਨੂੰਨ 2006 (ਵਿਕਟੋਰੀਆ) ਅਧੀਨ ਕੀਤਾ ਗਿਆ ਮੰਤਰਾਲੇ ਦਾ ਆਦੇਸ਼ 1125
- ਸਿੱਖਿਆ (ਆਮ ਪ੍ਰਬੰਧ) ਅਤੇ ਹੋਰ ਕਾਨੂੰਨ ਸੋਧ ਬਿੱਲ 2024 (ਕੁਈਨਜ਼ਲੈਂਡ) - ਧਾਰਾ 94 ਵੇਖੋ

## ਪਾਬੰਦੀਸ਼ੁਦਾ ਅਭਿਆਸ

ਪਾਬੰਦੀਸ਼ੁਦਾ ਅਭਿਆਸ ਉਹ ਕਾਰਵਾਈਆਂ ਜਾਂ ਦਖਲਅੰਦਾਜ਼ੀਆਂ ਹਨ ਜੋ ਕਿਸੇ ਵਿਅਕਤੀ ਦੀ ਆਜ਼ਾਦੀ ਨੂੰ ਸੀਮਤ ਕਰਦੀਆਂ ਹਨ ਜਾਂ ਉਨ੍ਹਾਂ ਦੇ ਵਿਵਹਾਰ ਨੂੰ ਨਿਯੰਤਰਤ ਕਰਦੀਆਂ ਹਨ। ਪਾਬੰਦੀਸ਼ੁਦਾ ਅਭਿਆਸਾਂ ਦੀ ਵਰਤੋਂ ਕਈ ਵਾਰ ਅਨੁਸ਼ਾਸਨ ਦੀ ਉਲੰਘਣਾ ਦੇ ਜਵਾਬ ਵਿੱਚ ਜਾਂ ਵਿਵਸਥਾ ਬਣਾਈ ਰੱਖਣ ਲਈ ਕੀਤੀ ਜਾਂਦੀ ਹੈ। ਇਹਨਾਂ ਵਿੱਚ ਅਜਿਹੀਆਂ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ:

- ਸਰੀਰਕ ਸੰਜਮ: ਕਿਸੇ ਦੀ ਹਰਕਤ ਨੂੰ ਰੋਕਣਾ ਜਾਂ ਫੜ੍ਹ ਕੇ ਰੱਖਣਾ
- ਦਵਾਈਆਂ ਨਾਲ ਸੰਜਮ: ਕਿਸੇ ਨੂੰ ਸ਼ਾਂਤ ਕਰਨ ਲਈ ਦਵਾਈ ਦੀ ਵਰਤੋਂ ਕਰਨਾ
- ਮਕੈਨੀਕਲ ਸੰਜਮ: ਹਰਕਤ ਨੂੰ ਸੀਮਤ ਕਰਨ ਲਈ ਪੱਟੀਆਂ ਜਾਂ ਬੈਲਟਾਂ ਵਰਗੇ ਉਪਕਰਣਾਂ ਦੀ ਵਰਤੋਂ ਕਰਨਾ ਜਾਂ ਕਿਸੇ ਸੰਚਾਰ ਉਪਕਰਣ ਨੂੰ ਕਿਸੇ ਤੋਂ ਦੂਰ ਲੈ ਜਾਣਾ
- ਇਕੱਲਤਾ: ਕਿਸੇ ਵਿਅਕਤੀ ਨੂੰ ਉਸ ਕਮਰੇ ਜਾਂ ਜਗ੍ਹਾ ਵਿੱਚ ਅਲੱਗ ਕਰਨਾ ਜਿਸ ਨੂੰ ਉਹ ਛੱਡ ਕੇ ਨਹੀਂ ਜਾ ਸਕਦੇ
- ਵਾਤਾਵਰਣ ਦਾ ਸੰਜਮ: ਕਿਸੇ ਵਿਅਕਤੀ ਦੀ ਗਤੀਵਿਧੀ ਜਾਂ ਗਤੀਵਿਧੀਆਂ ਨੂੰ ਸੀਮਤ ਕਰਨ ਲਈ ਵਾਤਾਵਰਣ ਨੂੰ ਬਦਲਣਾ, ਜਿਵੇਂ ਕਿ ਦਰਵਾਜ਼ੇ ਬੰਦ ਕਰਨਾ ਜਾਂ ਗਤੀਸ਼ੀਲਤਾ ਵਾਲੀ ਸਹਾਇਤਾ ਨੂੰ ਹਟਾਉਣਾ
- ਮਨੋਵਿਗਿਆਨਕ: ਕਿਸੇ ਅਨੁਕੂਲਤਾ ਦੀ ਕੋਸ਼ਿਸ਼ ਕੀਤੇ ਬਿਨਾਂ ਕਿਸੇ ਵਿਅਕਤੀ ਨੂੰ ਇਹ ਦੱਸਣਾ ਕਿ ਉਹ ਕੁਝ ਕਰਨ ਦੇ ਯੋਗ ਨਹੀਂ ਹਨ।

### ਕਾਨੂੰਨ ਵਿੱਚ ਕੀ ਹੈ

ਕੁਝ ਪਾਬੰਦੀਸ਼ੁਦਾ ਅਭਿਆਸਾਂ ਦੀ ਵਰਤੋਂ ਕਰਨ ਦੀਆਂ ਸ਼ਕਤੀਆਂ ਨਿਯਮਾਂ ਵਿੱਚ ਹਨ ਜੋ SE ਕਾਨੂੰਨ ਦੇ ਅਧੀਨ ਆਉਂਦੀਆਂ ਹਨ।

ਸਕੂਲ ਸਿੱਖਿਆ ਨਿਯਮ 2000 ਦਾ ਨਿਯਮ 38 ਕਹਿੰਦਾ ਹੈ ਕਿ ਸਰਕਾਰੀ ਸਕੂਲ ਦਾ ਅਮਲਾ ਕਿਸੇ ਵਿਦਿਆਰਥੀ ਜਾਂ ਉਨ੍ਹਾਂ ਦੀ ਜਾਇਦਾਦ ਵਿਰੁੱਧ ਵਾਜਬ ਕਾਰਵਾਈ ਕਰ ਸਕਦਾ ਹੈ, ਜਿਸ ਵਿੱਚ ਹੇਠ ਲਿਖੇ ਕਾਰਨਾਂ ਕਰਕੇ ਸਰੀਰਕ ਸੰਪਰਕ ਵੀ ਸ਼ਾਮਲ ਹੈ:

- ਕਿਸੇ ਵਿਦਿਆਰਥੀ ਦਾ ਪ੍ਰਬੰਧ ਕਰਨਾ ਜਾਂ ਉਸਦੀ ਦੇਖਭਾਲ ਕਰਨਾ

- ਵਿਵਸਥਾ ਨੂੰ ਬਣਾਈ ਰੱਖਣ ਜਾਂ ਬਹਾਲ ਕਰਨ ਲਈ
- ਕਿਸੇ ਨੂੰ ਕਿਸੇ ਹੋਰ ਵਿਅਕਤੀ ਨੂੰ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਤੋਂ ਰੋਕਣ ਲਈ

ਇਹ ਨਿਯਮ ਸਿਰਫ ਸਰਕਾਰੀ ਸਕੂਲਾਂ 'ਤੇ ਲਾਗੂ ਹੁੰਦਾ ਹੈ।

## ਹੋਰ ਸਰੋਤ ਕੀ ਕਹਿੰਦੇ ਹਨ

CRC ਦੇ ਅਨੁਸਾਰ ਇਹ ਕਹਿੰਦਾ ਹੈ ਕਿ ਸਾਰੇ ਬੱਚਿਆਂ ਨੂੰ ਸਰੀਰਕ ਜਾਂ ਮਾਨਸਿਕ ਨੁਕਸਾਨ ਤੋਂ ਸੁਰੱਖਿਆ ਅਤੇ ਆਜ਼ਾਦੀ ਦਾ ਅਧਿਕਾਰ ਹੈ। CRPD ਨੇ ਅੱਗੇ ਕਹਿੰਦਾ ਹੈ ਕਿ ਅਪੰਗਤਾ ਵਾਲੇ ਬੱਚਿਆਂ ਤੋਂ ਬਿਨਾਂ ਕਿਸੇ ਚੰਗੇ ਕਾਰਨ ਦੇ ਉਨ੍ਹਾਂ ਦੀ ਆਜ਼ਾਦੀ ਨਹੀਂ ਖੋਹੀ ਜਾਣੀ ਚਾਹੀਦੀ। ਸਿਰਫ ਅਪੰਗਤਾ ਹੋਣਾ ਕਿਸੇ ਦੀ ਆਜ਼ਾਦੀ ਖੋਹਣ ਦਾ ਜਾਇਜ਼ ਕਾਰਨ ਨਹੀਂ ਹੈ। ਅਪਾਹਜਤਾ ਵਾਲੇ ਹਰੇਕ ਵਿਅਕਤੀ ਨੂੰ ਸਤਿਕਾਰ ਪ੍ਰਾਪਤ ਕਰਨ ਅਤੇ ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਨਾਲ ਸਾਰਿਆਂ ਦੇ ਬਰਾਬਰ ਵਿਵਹਾਰ ਕਰਨ ਦਾ ਅਧਿਕਾਰ ਹੈ।

DDA ਅਤੇ DSE ਪਾਬੰਦੀਸ਼ੁਦਾ ਅਭਿਆਸਾਂ ਨੂੰ ਆਪਣੇ ਥੱਲੇ ਨਹੀਂ ਲਿਆਉਂਦੇ ਹਨ।

ਅਪੰਗਤਾ ਰਾਇਲ ਕਮਿਸ਼ਨ ਨੇ ਸਿਫਾਰਸ਼ ਕੀਤੀ ਹੈ ਕਿ:

- ਪਾਬੰਦੀਸ਼ੁਦਾ ਅਭਿਆਸਾਂ ਦੇ ਆਲੇ-ਦੁਆਲੇ ਬਹੁਤ ਸਾਰੇ ਨਿਯਮ ਹੋਣੇ ਚਾਹੀਦੇ ਹਨ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਉਨ੍ਹਾਂ ਦੀ ਵਰਤੋਂ ਸਿਰਫ ਉਦੋਂ ਕੀਤੀ ਜਾਂਦੀ ਹੈ ਜਦੋਂ ਨੁਕਸਾਨ ਦਾ ਗੰਭੀਰ ਖ਼ਤਰਾ ਹੁੰਦਾ ਹੈ ਅਤੇ ਹੋਰ ਰਣਨੀਤੀਆਂ ਦੀ ਕੋਸ਼ਿਸ਼ ਕਰਨ ਤੋਂ ਬਾਅਦ ਅਤੇ ਸਭ ਤੋਂ ਘੱਟ ਸਮੇਂ ਅਤੇ ਘੱਟ ਤੋਂ ਘੱਟ ਪਾਬੰਦੀ ਲਈ ਸਿਰਫ ਆਖਰੀ ਉਪਾਅ ਵਜੋਂ। ਪਾਬੰਦੀਸ਼ੁਦਾ ਅਭਿਆਸਾਂ ਦੀ ਕਿਸੇ ਵੀ ਵਰਤੋਂ ਦੀ ਸੁਤੰਤਰ ਤੌਰ 'ਤੇ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ ਅਤੇ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ
- ਪਾਬੰਦੀਸ਼ੁਦਾ ਅਭਿਆਸਾਂ ਦੇ ਕੁਝ ਰੂਪਾਂ ਨੂੰ ਸਕੂਲਾਂ ਦੁਆਰਾ ਵਰਤਣ ਤੋਂ ਰੋਕਿਆ ਜਾਣਾ ਚਾਹੀਦਾ ਹੈ
- ਪਾਬੰਦੀਸ਼ੁਦਾ ਅਭਿਆਸਾਂ ਦੀ ਵਰਤੋਂ ਬਾਰੇ ਅੰਕੜੇ ਇਕੱਠੇ ਕਰਨ ਦੀ ਲੋੜ ਹੈ
- ਪਾਬੰਦੀਸ਼ੁਦਾ ਅਭਿਆਸਾਂ ਦੀ ਵਰਤੋਂ ਨੂੰ ਘਟਾਉਣ ਅਤੇ ਆਖਰਕਾਰ ਖਤਮ ਕਰਨ ਦੇ ਟੀਚੇ ਹੋਣੇ ਚਾਹੀਦੇ ਹਨ।

ਆਸਟ੍ਰੇਲੀਆ ਵਿੱਚ ਹੋਰ ਮਹੱਤਵਪੂਰਨ ਜਾਂਚ-ਪੜਤਾਲਾਂ ਨੇ ਵੀ ਸਕੂਲਾਂ ਵਿੱਚ ਪਾਬੰਦੀਆਂ ਨੂੰ ਖਤਮ ਕਰਨ ਦੀ ਸਿਫਾਰਸ਼ ਕੀਤੀ ਹੈ।

**ਸਵਾਲ**

10. ਕੀ ਪਾਬੰਦੀਸ਼ੁਦਾ ਅਭਿਆਸਾਂ ਬਾਰੇ SE ਕਾਨੂੰਨ (ਜਾਂ ਨਿਯਮਾਂ) ਵਿੱਚ ਕੋਈ ਤਬਦੀਲੀਆਂ ਹੋਣੀਆਂ ਚਾਹੀਦੀਆਂ ਹਨ? ਜੇ ਹਾਂ, ਤਾਂ ਇਹ ਕਿਸ ਤਰ੍ਹਾਂ ਦਿਖਾਈ ਦੇਣਾ ਚਾਹੀਦਾ ਹੈ?

**ਸੋਚਣ ਵਾਲੀਆਂ ਚੀਜ਼ਾਂ**

- ਸਕੂਲ ਸਿੱਖਿਆ ਨਿਯਮ 2000 ਦੇ ਨਿਯਮ 38 ਨੂੰ ਵੇਖੋ
- ਪਬਲਿਕ ਸਕੂਲਾਂ ਵਿੱਚ ਸਿੱਖਿਆ ਵਿਭਾਗ ਦੀ ਵਿਦਿਆਰਥੀ ਵਿਵਹਾਰ ਨੀਤੀ ਅਤੇ ਪ੍ਰਕਿਰਿਆਵਾਂ ਦਾ ਕਹਿਣਾ ਹੈ ਕਿ ਸਰੀਰਕ ਸੰਜਮ ਦੀ ਵਰਤੋਂ ਸਿਰਫ ਵਿਦਿਆਰਥੀ ਨੂੰ ਵਿਵਹਾਰ ਵਿੱਚ ਵਾਪਸ ਲਿਆਉਣ ਲਈ ਲੋੜੀਂਦੇ ਘੱਟੋ ਘੱਟ ਸਮੇਂ ਲਈ ਕੀਤੀ ਜਾਣੀ ਚਾਹੀਦੀ ਹੈ ਜਿੱਥੇ ਘੱਟ ਪਾਬੰਦੀਆਂ ਵਾਲੀਆਂ ਰਣਨੀਤੀਆਂ ਸਫ਼ਲ ਹੋ ਸਕਦੀਆਂ ਹਨ। ਨੀਤੀਆਂ ਇਹ ਵੀ ਕਹਿੰਦੀਆਂ ਹਨ ਕਿ ਪਾਬੰਦੀਆਂ ਵਾਲੀਆਂ ਰਣਨੀਤੀਆਂ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ

ਵਾਜਬ ਸਮੇਂ ਲਈ ਤਣਾਅ ਘਟਾਉਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਕੀ ਤੁਸੀਂ ਸੋਚਦੇ ਹੋ ਕਿ ਇਸ ਵਿੱਚੋਂ ਕੁਝ SE ਕਾਨੂੰਨ ਵਿੱਚ ਵੀ ਹੋਣੇ ਚਾਹੀਦੇ ਹਨ?

**ਮੁੱਖ ਹਵਾਲੇ:**

- CRC - ਵੇਖੋ ਆਰਟੀਕਲ 19 ਅਤੇ 37
- CRPD - ਵੇਖੋ ਆਰਟੀਕਲ 14 ਅਤੇ 17
- ਅਪਾਹਜ ਲੋਕਾਂ ਦੀ ਹਿੰਸਾ, ਦੁਰਵਿਵਹਾਰ, ਅਣਗਹਿਲੀ ਅਤੇ ਸ਼ੋਸ਼ਣ ਬਾਰੇ ਰਾਇਲ ਕਮਿਸ਼ਨ ਦੀ ਅੰਤਿਮ ਰਿਪੋਰਟ - ਸਿਫਾਰਸ਼ਾਂ 6.35, 6.36, 6.39 ਅਤੇ 6.40 ਵੇਖੋ
- ਸੈਨੇਟ ਦੀ ਸਿੱਖਿਆ ਅਤੇ ਰੁਜ਼ਗਾਰ ਹਵਾਲਾ ਕਮੇਟੀ ਦੀ ਰਿਪੋਰਟ: ਅਸਲ ਸਿੱਖਿਆ ਤੱਕ ਪਹੁੰਚ: ਅਪੰਗਤਾ ਵਾਲੇ ਵਿਦਿਆਰਥੀਆਂ 'ਤੇ ਨੀਤੀ, ਮਾਲੀ ਸਹਾਇਤਾ ਅਤੇ ਸਭਿਆਚਾਰ ਦਾ ਪ੍ਰਭਾਵ - ਸਿਫਾਰਸ਼ 10 ਵੇਖੋ

## ਅਪੰਗਤਾ ਸਲਾਹਕਾਰ ਪੈਨਲ ਅਤੇ ਅਨੁਸ਼ਾਸਨ ਸਲਾਹਕਾਰ ਪੈਨਲ

### SE ਕਾਨੂੰਨ ਵਿੱਚ ਕੀ ਹੈ

SE ਕਾਨੂੰਨ ਸਰਕਾਰੀ ਸਕੂਲਾਂ ਵਿੱਚ ਬਾਹਰ ਕੱਢਣ ਦੇ ਮਾਮਲਿਆਂ 'ਤੇ ਵਿਚਾਰ ਕਰਨ ਲਈ 2 ਵੱਖ-ਵੱਖ ਪੈਨਲ ਸਥਾਪਤ ਕਰਦਾ ਹੈ। ਇਹ ਹਰੇਕ ਮਾਮਲੇ ਦੀ ਜਾਂਚ ਕਰਦੇ ਹਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ (CEO) ਨੂੰ ਸਿਫਾਰਸ਼ ਭੇਜਦੇ ਹਨ। ਹਾਲਾਂਕਿ, CEO ਨੂੰ ਸਿਫਾਰਸ਼ ਦੀ ਪਾਲਣਾ ਕਰਨ ਦੀ ਜ਼ਰੂਰਤ ਨਹੀਂ ਹੈ।

ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਤੋਂ ਬਾਹਰ ਰੱਖਿਆ ਜਾ ਸਕਦਾ ਹੈ ਜੇ ਉਨ੍ਹਾਂ ਦਾ ਵਿਵਹਾਰ ਹੇਠ ਲਿਖੇ ਮਾਪਦੰਡਾਂ ਨੂੰ ਪੂਰਾ ਕਰਦਾ ਹੈ:

- ਧਾਰਾ 91 (a) - ਜੇ ਉਨ੍ਹਾਂ ਨੇ ਕਿਸੇ ਵਿਅਕਤੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ ਜਾਂ ਧਮਕੀ ਦਿੱਤੀ ਹੈ ਜਾਂ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਹੈ
- ਧਾਰਾ 91 (b) - ਜੇ ਉਨ੍ਹਾਂ ਨੇ ਦੂਜੇ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਵਿਘਨ ਪਾਇਆ ਹੈ

### ਅਪੰਗਤਾ ਸਲਾਹਕਾਰ ਪੈਨਲ

ਧਾਰਾ 87 ਦੇ ਅਨੁਸਾਰ, ਅਪੰਗਤਾ ਸਲਾਹਕਾਰ ਪੈਨਲ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ ਜਦੋਂ ਕਿਸੇ ਅਪੰਗਤਾ ਵਾਲੇ ਵਿਦਿਆਰਥੀ (ਜਿਵੇਂ ਕਿ SE ਕਾਨੂੰਨ ਦੁਆਰਾ ਪਰਿਭਾਸ਼ਿਤ ਕੀਤਾ ਗਿਆ ਹੈ) ਨੂੰ ਧਾਰਾ 91 (b) ਦੇ ਅਧੀਨ ਬਾਹਰ ਕੱਢਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

### ਅਨੁਸ਼ਾਸਨ ਸਲਾਹਕਾਰ ਪੈਨਲ

ਧਾਰਾ 92 ਦੇ ਅਨੁਸਾਰ, ਅਨੁਸ਼ਾਸਨ ਸਲਾਹਕਾਰ ਪੈਨਲ ਬਿਨਾਂ ਅਪੰਗਤਾ ਵਾਲੇ ਵਿਦਿਆਰਥੀਆਂ ਲਈ ਸਥਾਪਿਤ ਕੀਤੇ ਜਾਂਦੇ ਹਨ ਜਿਨ੍ਹਾਂ ਨੂੰ ਧਾਰਾ 91 (a) ਜਾਂ 91 (b) ਦੇ ਅਧੀਨ ਬਾਹਰ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਇੱਥੇ ਇਕ ਮਹੱਤਵਪੂਰਣ ਅੰਤਰ ਹੈ ਕਿ ਅਪੰਗਤਾ ਵਾਲੇ ਵਿਦਿਆਰਥੀ, ਜਿਨ੍ਹਾਂ ਨੂੰ ਧਾਰਾ 91 (a) ਦੇ ਅਧੀਨ ਬਾਹਰ ਰੱਖਿਆ ਗਿਆ ਹੈ, ਅਪੰਗਤਾ ਸਲਾਹਕਾਰ ਪੈਨਲ ਜਾਂ ਅਨੁਸ਼ਾਸਨ ਸਲਾਹਕਾਰ ਪੈਨਲ ਪ੍ਰਕਿਰਿਆ ਦੇ ਹੱਕਦਾਰ ਨਹੀਂ ਹਨ।

### ਹੋਰ ਸਰੋਤ ਕੀ ਕਹਿੰਦੇ ਹਨ

ਪੈਨਲਾਂ ਦੀ ਵਰਤੋਂ ਨਾਲ ਅੰਤਰ ਸਿਰਫ SE ਕਾਨੂੰਨ 'ਤੇ ਲਾਗੂ ਹੁੰਦਾ ਹੈ ਇਸ ਲਈ ਹੋਰ ਸਥਾਨ ਕੀ ਕਰਦੇ ਹਨ ਇਹ ਇਸ ਮਾਮਲੇ ਨਾਲ ਸਬੰਧਿਤ ਨਹੀਂ ਹੈ।

**ਸਵਾਲ**

11. ਕੀ SE ਕਾਨੂੰਨ ਦੇ ਅਪੰਗਤਾ ਸਲਾਹਕਾਰ ਪੈਨਲ ਅਤੇ/ਜਾਂ ਅਨੁਸ਼ਾਸਨ ਸਲਾਹਕਾਰ ਪੈਨਲ ਹਿੱਸਿਆਂ ਵਿੱਚ ਕੋਈ ਤਬਦੀਲੀਆਂ ਹੋਣੀਆਂ ਚਾਹੀਦੀਆਂ ਹਨ? ਜੇ ਹਾਂ, ਤਾਂ ਇਹ ਕਿਸ ਤਰ੍ਹਾਂ ਦਿਖਾਈ ਦੇਣਾ ਚਾਹੀਦਾ ਹੈ?

**ਸੋਚਣ ਵਾਲੀਆਂ ਚੀਜ਼ਾਂ**

- SE ਕਾਨੂੰਨ ਦੀਆਂ ਧਾਰਾਵਾਂ 87, 91 ਅਤੇ 92 ਨੂੰ ਵੇਖੋ।
- ਅਪੰਗਤਾ ਵਾਲੇ ਵਿਦਿਆਰਥੀਆਂ ਲਈ ਪਹੁੰਚ ਅਤੇ ਸ਼ਮੂਲੀਅਤ ਨੂੰ ਬਿਹਤਰ ਬਣਾਉਣ ਲਈ ਪੈਨਲਾਂ ਨੂੰ ਕਿਵੇਂ ਬਦਲਿਆ ਜਾ ਸਕਦਾ ਹੈ?
- ਜਿਵੇਂ ਕਿ ਅਸੀਂ ਪਹਿਲਾਂ ਉਠਾਇਆ ਹੈ, ਕੁਝ ਸਥਾਨ ਅਪੰਗਤਾ ਨੂੰ ਪਰਿਭਾਸ਼ਿਤ ਨਹੀਂ ਕਰਦੇ ਅਤੇ ਇਸ ਦੀ ਬਜਾਏ ਵਿਭਿੰਨਤਾ ਦਾ ਹਵਾਲਾ ਦਿੰਦੇ ਹਨ ਅਤੇ ਇਹ ਕਿ ਸਾਰੇ ਵਿਦਿਆਰਥੀ ਵੱਖਰੇ ਹਨ ਅਤੇ ਉਨ੍ਹਾਂ ਦੀਆਂ ਵੱਖੋ ਵੱਖਰੀਆਂ ਜ਼ਰੂਰਤਾਂ ਹਨ ਜਿਨ੍ਹਾਂ 'ਤੇ ਸਕੂਲਾਂ ਨੂੰ ਵਿਚਾਰ ਕਰਨਾ ਚਾਹੀਦਾ ਹੈ ਅਤੇ ਅਨੁਕੂਲ ਹੋਣਾ ਚਾਹੀਦਾ ਹੈ। ਇਹ ਸੰਕਲਪ ਇਨ੍ਹਾਂ ਪੈਨਲਾਂ 'ਤੇ ਵੀ ਲਾਗੂ ਕੀਤਾ ਜਾ ਸਕਦਾ ਹੈ।

**ਮੁੱਖ ਹਵਾਲੇ**:

- ਕੋਈ ਨਹੀਂ

## ਵਿਵਾਦ ਅਤੇ ਸ਼ਿਕਾਇਤਾਂ

### SE ਕਾਨੂੰਨ ਵਿੱਚ ਕੀ ਹੈ

SE ਕਾਨੂੰਨ ਦੀ ਧਾਰਾ 118 ਮੁੱਖ ਧਾਰਾ ਹੈ ਜੋ ਵਿਵਾਦਾਂ ਅਤੇ ਸ਼ਿਕਾਇਤਾਂ ਨਾਲ ਸਬੰਧਿਤ ਹੈ, ਅਤੇ ਇਹ ਸਿਰਫ਼ ਸਰਕਾਰੀ ਸਕੂਲਾਂ 'ਤੇ ਲਾਗੂ ਹੁੰਦੀ ਹੈ। ਧਾਰਾ 118 ਛੋਟੀ ਹੈ ਅਤੇ ਸਿਰਫ ਇਹ ਕਹਿੰਦੀ ਹੈ ਕਿ ਸਿੱਖਿਆ ਦੀ ਵਿਵਸਥਾ ਜਾਂ ਪੜ੍ਹਾਉਣ ਵਾਲੇ ਅਮਲੇ ਦੇ ਕਿਸੇ ਮੈਂਬਰ ਦੇ ਵਿਵਹਾਰ ਬਾਰੇ ਵਿਵਾਦਾਂ ਅਤੇ ਸ਼ਿਕਾਇਤਾਂ ਨਾਲ ਨਜਿੱਠਣ ਦਾ ਤਰੀਕਾ ਪ੍ਰਦਾਨ ਕਰਨ ਲਈ ਨਿਯਮ ਬਣਾਏ ਜਾ ਸਕਦੇ ਹਨ।

### ਹੋਰ ਸਰੋਤ ਕੀ ਕਹਿੰਦੇ ਹਨ

CRPD ਦੀ ਧਾਰਾ 24 ਦੀ ਆਮ ਟਿੱਪਣੀ 4 ਕਹਿੰਦੀ ਹੈ ਕਿ ਸਿੱਖਿਆ ਦੇ ਅਧਿਕਾਰ ਬਾਰੇ ਮਾਮਲਿਆਂ ਵਿੱਚ ਸ਼ਿਕਾਇਤਾਂ ਅਤੇ ਕਾਨੂੰਨੀ ਮੁੱਦਿਆਂ ਨਾਲ ਨਜਿੱਠਣ ਲਈ ਸੁਤੰਤਰ, ਪ੍ਰਭਾਵਸ਼ਾਲੀ, ਪਹੁੰਚਯੋਗ, ਪਾਰਦਰਸ਼ੀ, ਸੁਰੱਖਿਅਤ ਅਤੇ ਲਾਗੂ ਕਰਨ ਯੋਗ ਤਰੀਕੇ ਹੋਣੇ ਚਾਹੀਦੇ ਹਨ। CRPD ਦਾ ਕਹਿਣਾ ਹੈ ਕਿ ਅਪੰਗਤਾ ਵਾਲੇ ਲੋਕਾਂ ਨੂੰ ਉਨ੍ਹਾਂ ਤਰੀਕਿਆਂ ਨਾਲ ਜਾਣਕਾਰੀ ਮੰਗਣ, ਪ੍ਰਾਪਤ ਕਰਨ ਅਤੇ ਦੇਣ ਦਾ ਅਧਿਕਾਰ ਹੈ ਜੋ ਉਹ ਸਮਝ ਸਕਦੇ ਹਨ, ਉਨ੍ਹਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀਆਂ ਪ੍ਰਕਿਰਿਆਵਾਂ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ ਲਈ ਸਹਾਇਤਾ

ਪ੍ਰਾਪਤ ਕਰਨ ਅਤੇ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਆਪਣੇ ਮਨੁੱਖੀ ਅਧਿਕਾਰਾਂ ਦੀ ਵਕਾਲਤ ਕਰਨ ਦਾ ਅਧਿਕਾਰ ਹੈ।

ਅਪੰਗਤਾ ਰਾਇਲ ਕਮਿਸ਼ਨ ਨੇ ਸ਼ਿਕਾਇਤਾਂ ਅਤੇ ਵਿਵਾਦਾਂ ਬਾਰੇ ਕਈ ਸਿਫਾਰਸ਼ਾਂ ਕੀਤੀਆਂ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਰਾਜ ਅਤੇ ਕੇਂਦਰੀ ਪ੍ਰਦੇਸ਼ ਦੀਆਂ ਸਰਕਾਰਾਂ ਨੂੰ ਅਜਿਹੇ ਦਫ਼ਤਰ ਬਣਾਉਣੇ ਚਾਹੀਦੇ ਹਨ ਜਾਂ ਇਨ੍ਹਾਂ ਦਾ ਵਿਸਥਾਰ ਕਰਨਾ ਚਾਹੀਦਾ ਹੈ ਜੋ ਸ਼ਿਕਾਇਤਾਂ ਨੂੰ ਹੱਲ ਕਰਨ ਵਿੱਚ ਮਦਦ ਕਰਨ ਲਈ ਸਕੂਲਾਂ ਬਾਰੇ ਸ਼ਿਕਾਇਤਾਂ ਦਾ ਨਿਪਟਾਰਾ ਕਰਦੇ ਹਨ, ਖਾਸ ਕਰਕੇ ਉਨ੍ਹਾਂ ਮਾਮਲਿਆਂ ਵਿੱਚ ਜਿੱਥੇ ਵਿਦਿਆਰਥੀ ਨੂੰ ਅਪੰਗਤਾ ਹੈ। ਇਹ ਦਫ਼ਤਰ ਸਕੂਲਾਂ ਤੋਂ ਵੱਖਰੇ ਹੋਣੇ ਚਾਹੀਦੇ ਹਨ ਅਤੇ ਇਹਨਾਂ ਨੂੰ ਇਹ ਕਰਨਾ ਚਾਹੀਦਾ ਹੈ:
    - ਵਿਦਿਆਰਥੀਆਂ ਅਤੇ ਮਾਪਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਅਤੇ ਵਿਕਲਪਾਂ ਬਾਰੇ ਜਾਣਕਾਰੀ ਦੇਣੀ
    - ਸਮਝੌਤਿਆਂ ਦਾ ਸੰਚਾਲਨ ਕਰਨਾ, ਅਪੰਗਤਾ ਸਹਾਇਤਾ ਵਾਲੇ ਪਰਿਵਾਰਾਂ ਨੂੰ ਜੋੜਨਾ
    - ਜੇ ਕੋਈ ਸ਼ਿਕਾਇਤ ਗੰਭੀਰ ਜਾਂ ਪ੍ਰਣਾਲੀਗਤ ਮੁੱਦਾ ਹੈ ਤਾਂ ਰਸਮੀ ਜਾਂਚ ਸ਼ੁਰੂ ਕਰਨੀ
    - ਜਿੱਥੇ ਕਿਸੇ ਸ਼ਿਕਾਇਤ ਦਾ ਹੱਲ ਨਹੀਂ ਕੀਤਾ ਜਾ ਸਕਦਾ, ਉੱਥੇ ਇਸ ਨੂੰ ਕਿਸੇ ਸੁਤੰਤਰ ਸੰਸਥਾ ਕੋਲ ਭੇਜਣ ਵਿੱਚ ਮਦਦ ਕਰਨਾ
    - ਸ਼ਿਕਾਇਤਾਂ ਦਾ ਵਿਸ਼ਲੇਸ਼ਣ ਕਰਨ ਅਤੇ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਕਿਵੇਂ ਕਰਨਾ ਹੈ ਬਾਰੇ ਰਿਪੋਰਟ ਕਰਨ ਵਿੱਚ ਮਦਦ ਕਰਨਾ
    - ਇਹ ਯਕੀਨੀ ਬਣਾਉਣ ਲਈ ਪ੍ਰਿੰਸੀਪਲਾਂ ਨਾਲ ਕੰਮ ਕਰਨਾ ਕਿ ਸਕੂਲ ਦੀਆਂ ਨੀਤੀਆਂ ਵਿਦਿਆਰਥੀਆਂ 'ਤੇ ਧਿਆਨ ਕੇਂਦ੍ਰਿਤ ਕਰਨ, ਪਹੁੰਚਯੋਗ, ਕੁਸ਼ਲ, ਸੁਰੱਖਿਅਤ, ਸਦਮੇ-ਸੁਚਿਤ ਅਤੇ ਸੱਭਿਆਚਾਰਕ ਤੌਰ 'ਤੇ ਢੁੱਕਵੀਆਂ ਹੋਣ
- DSE ਨੂੰ ਸ਼ਿਕਾਇਤਾਂ ਨਾਲ ਨਜਿੱਠਣ ਲਈ ਨਵੀਆਂ ਜ਼ਿੰਮੇਵਾਰੀਆਂ ਅਤੇ ਉਪਾਵਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪ੍ਰਕਿਰਿਆ ਵਿਦਿਆਰਥੀ-ਕੇਂਦ੍ਰਿਤ, ਪਹੁੰਚਯੋਗ, ਕੁਸ਼ਲ, ਸੁਰੱਖਿਅਤ, ਸਦਮਾ-ਸੁਚਿਤ ਅਤੇ ਸਭਿਆਚਾਰਕ ਤੌਰ 'ਤੇ ਉਚਿਤ ਹੈ। ਇਹ ਨਿਯਮ ਗੈਰ-ਸਰਕਾਰੀ ਸਕੂਲਾਂ ਸਮੇਤ ਸਾਰੇ ਸਕੂਲਾਂ 'ਤੇ ਲਾਗੂ ਹੋਣੇ ਚਾਹੀਦੇ ਹਨ ਤਾਂ ਜੋ ਪਾਲਣਾ ਦੀ ਨਿਗਰਾਨੀ ਕੀਤੀ ਜਾ ਸਕੇ ਅਤੇ ਲਾਗੂ ਕਰਵਾਏ ਜਾ ਸਕਣ।

DSE ਦੀ 2020 ਦੀ ਸਮੀਖਿਆ ਨੇ ਸਿਫਾਰਸ਼ ਕੀਤੀ ਕਿ DSE ਨੂੰ ਸ਼ਿਕਾਇਤਾਂ ਨਾਲ ਨਜਿੱਠਣ ਦੀ ਪ੍ਰਕਿਰਿਆ ਦੇ ਸਿਧਾਂਤਾਂ ਨੂੰ ਸ਼ਾਮਲ ਕਰਨ ਲਈ ਬਦਲਣਾ ਚਾਹੀਦਾ ਹੈ।

**ਸਵਾਲ**

12. ਕੀ SE ਕਾਨੂੰਨ ਨੂੰ ਬਦਲਣਾ ਚਾਹੀਦਾ ਹੈ ਤਾਂ ਜੋ ਸ਼ਿਕਾਇਤਾਂ ਨੂੰ ਵੱਖਰੇ ਤਰੀਕੇ ਨਾਲ ਨਜਿੱਠਿਆ ਜਾ ਸਕੇ? ਜੇ ਹਾਂ, ਤਾਂ ਇਹ ਕਿਸ ਤਰ੍ਹਾਂ ਦਿਖਾਈ ਦੇਣਾ ਚਾਹੀਦਾ ਹੈ?

**ਸੋਚਣ ਵਾਲੀਆਂ ਚੀਜ਼ਾਂ**

- SE ਕਾਨੂੰਨ ਦੀ ਧਾਰਾ 118 ਨੂੰ ਵੇਖੋ
- ਸ਼ਿਕਾਇਤਾਂ ਨਾਲ ਨਜਿੱਠਣ ਦੀ ਚੰਗੀ ਪ੍ਰਕਿਰਿਆ ਕਿਸ ਤਰ੍ਹਾਂ ਦਿਖਾਈ ਦਿੰਦੀ ਹੈ ਅਤੇ ਮਹਿਸੂਸ ਹੁੰਦੀ ਹੈ?
- SE ਕਾਨੂੰਨ ਵਿੱਚ ਸ਼ਿਕਾਇਤਾਂ ਨਾਲ ਨਜਿੱਠਣ ਬਾਰੇ ਸਿਰਫ ਥੋੜ੍ਹੀ ਜਿਹੀ ਮਾਤਰਾ ਵਿੱਚ ਵੇਰਵੇ ਹਨ। ਕੀ ਤੁਸੀਂ ਸੋਚਦੇ ਹੋ ਕਿ ਅਪੰਗਤਾ ਰਾਇਲ ਕਮਿਸ਼ਨ ਜਾਂ DSE ਸਮੀਖਿਆ ਦੁਆਰਾ ਦਿੱਤੇ ਗਏ ਕੁਝ ਸੁਝਾਵਾਂ ਨੂੰ ਸ਼ਾਮਲ ਕਰਨ ਲਈ ਇਸ ਦਾ ਵਿਸਥਾਰ ਕੀਤਾ ਜਾਣਾ ਚਾਹੀਦਾ ਹੈ?

**ਮੁੱਖ ਹਵਾਲੇ**:

- ਅਪਾਹਜ ਲੋਕਾਂ ਦੀ ਹਿੰਸਾ, ਦੁਰਵਿਵਹਾਰ, ਅਣਗਹਿਲੀ ਅਤੇ ਸ਼ੋਸ਼ਣ ਬਾਰੇ ਰਾਇਲ ਕਮਿਸ਼ਨ ਦੀ ਅੰਤਿਮ ਰਿਪੋਰਟ - ਸਿਫਾਰਸ਼ 7.10 ਵੇਖੋ

# ਇਹ ਯਕੀਨੀ ਬਣਾਉਣਾ ਕਿ ਅਸੀਂ ਸੁਧਾਰ ਕਰਨਾ ਜਾਰੀ ਰੱਖਦੇ ਹਾਂ

ਇਸ ਦਸਤਾਵੇਜ਼ ਦੇ ਮੁੱਦੇ ਅਤੇ ਸਵਾਲ ਅਪੰਗਤਾ ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ ਪਹੁੰਚ ਅਤੇ ਸ਼ਮੂਲੀਅਤ ਵਿੱਚ ਸੁਧਾਰ ਕਰਨ ਲਈ SE ਕਾਨੂੰਨ ਵਿੱਚ ਤਬਦੀਲੀਆਂ ਲਈ ਵਿਚਾਰਾਂ ਬਾਰੇ ਹਨ।

ਇਸ ਵਿਚਾਰ-ਵਟਾਂਦਰੇ ਦੇ ਦਸਤਾਵੇਜ਼ ਦਾ ਅੰਤਿਮ ਸਵਾਲ ਇਹ ਪਤਾ ਲਗਾਉਣਾ ਹੈ ਕਿ ਕੀ ਤੁਹਾਡੇ ਕੋਲ SE ਕਾਨੂੰਨ ਨੂੰ ਇਸ ਤਰੀਕੇ ਨਾਲ ਬਦਲਣ ਲਈ ਕੋਈ ਵਿਚਾਰ ਹਨ ਜੋ ਸਾਨੂੰ ਇਹ ਜਾਣਨ ਵਿੱਚ ਮਦਦ ਕਰ ਸਕਦੇ ਹਨ ਕਿ ਕੀ ਅਸੀਂ ਅਸਲ ਵਿੱਚ ਸੁਧਾਰ ਕਰ ਰਹੇ ਹਾਂ ਜਾਂ ਨਹੀਂ।

**ਸਵਾਲ**

13. ਤੁਹਾਡੇ ਵੱਲੋਂ ਸੁਝਾਏ ਗਏ ਸਾਰੇ ਬਦਲਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਸਰਕਾਰ ਕਿਵੇਂ ਨਿਗਰਾਨੀ ਕਰ ਸਕਦੀ ਹੈ ਕਿ ਕੀ ਹੋ ਰਿਹਾ ਹੈ ਅਤੇ ਇਹ ਕਿਵੇਂ ਦਿਖਾ ਸਕਦੀ ਹੈ ਕਿ ਚੀਜ਼ਾਂ ਵਿੱਚ ਸੁਧਾਰ ਹੋ ਰਿਹਾ ਹੈ?

**ਸੋਚਣ ਵਾਲੀਆਂ ਚੀਜ਼ਾਂ**

- ਤੁਸੀਂ ਅੰਕੜੇ ਇਕੱਠੇ ਕਰਨ, ਜਵਾਬਦੇਹੀ ਅਤੇ ਰਿਪੋਰਟ ਕਰਨ ਵਰਗੀਆਂ ਚੀਜ਼ਾਂ 'ਤੇ ਵਿਚਾਰ ਕਰਨਾ ਪਸੰਦ ਕਰ ਸਕਦੇ ਹੋ।

**ਮੁੱਖ ਹਵਾਲੇ**:

- ਕੋਈ ਨਹੀਂ

# ਅੰਤਿਕਾ A

## ਮੁੱਖ ਸ਼ਬਦ ਅਤੇ ਸੰਖੇਪ ਸ਼ਬਦ

**CRC** - ਬੱਚਿਆਂ ਦੇ ਅਧਿਕਾਰਾਂ ਲਈ ਸੰਯੁਕਤ ਰਾਸ਼ਟਰ ਕਨਵੈਨਸ਼ਨ

**CRPD** - ਅਪਾਹਜ ਵਿਅਕਤੀਆਂ ਦੇ ਅਧਿਕਾਰਾਂ ਲਈ ਸੰਯੁਕਤ ਰਾਸ਼ਟਰ ਕਨਵੈਨਸ਼ਨ

**Cth** – ਰਾਸ਼ਟਰਮੰਡਲ (ਆਸਟ੍ਰੇਲੀਆ ਦਾ)

**DDA** - *ਅਪੰਗਤਾ ਭੇਦਭਾਵ ਕਾਨੂੰਨ 1992* (Cth)

**DSE** - ਸਿੱਖਿਆ ਲਈ ਅਪੰਗਤਾ ਮਿਆਰ 2005 (Cth)

**LRCWA** - ਵੈਸਟਰਨ ਆਸਟ੍ਰੇਲੀਆ ਦਾ ਕਾਨੂੰਨ ਸੁਧਾਰ ਕਮਿਸ਼ਨ

**SE ਕਾਨੂੰਨ** - *ਸਕੂਲ ਸਿੱਖਿਆ ਕਾਨੂੰਨ 1999*

**WA** - ਵੈਸਟਰਨ ਆਸਟ੍ਰੇਲੀਆ